# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times — 10 ਅਪ੍ਰੈਲ 2024 ਦਿਨ ਬੁੱਧਵਾਰ — ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਇਟਲੀ ਵਿੱਚ ਬਾਬਾ ਸਾਹਿਬ ਅੰਬੇਡਕਰ ,ਮਹਾਤਮਾ ਜੋਤੀਬਾ ਫੂਲੇ ਅਤੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਜਨਮ ਦਿਨ ਨੂੰ ਸਮਰਪਿਤ ਵਿਸ਼ਾਲ ਵਿਚਾਰ ਗੋਸ਼ਟੀ 14 ਅਪ੍ਰੈਲ ਦਿਨ ਐਤਵਾਰ ਨੂੰ ਵਿਰੋਨਾ ਵਿਖੇ

ਵਰਲਡ ਪੰਜਾਬੀ ਟਾਈਮਜ਼ — ਨਵਜੋਤ ਪਨੈਚ ਢੀਂਡਸਾ

ਮਿਲਾਨ, 10 ਅਪ੍ਰੈਲ: ਇਟਲੀ ਵਿੱਚ ਪਿਛਲੇ ਕਈ ਸਾਲਾਂ ਤੋਂ ਸਮਾਜ ਸੇਵੀ ਖੇਤਰਾਂ ਵਿੱਚੋਂ ਵਿਚਰਦੀ ਹੋਈ ਭਾਰਤ ਰਤਨ ,ਭਾਰਤੀ ਸੰਵਿਧਾਨ ਦੇ ਪਿਤਾਮਾ,ਭਾਰਤੀ ਨਾਰੀ ਦੇ ਮੁੱਕਤੀਦਾਤਾ,ਭਾਰਤੀ ਪਛਾੜੇ ਸਮਾਜ ਨੂੰ ਵੋਟ ਦਾ ਹੱਕ ਲੈਕੇ ਸਮਾਜ ਵਿੱਚ ਬਰਾਬਰਤਾ ਦਾ ਮਾਣ-ਸਨਮਾਨ ਦੁਆਉਣ ਲਈ ਸਾਰੀ ਜਿੰਦਗੀ ਸੰਘਰਸ਼ ਕਰਨ ਵਾਲੇ ਯੁੱਗ ਪੁਰਸ਼ ਡਾ:ਭੀਮ ਰਾਓ ਅੰਬੇਡਕਰ ਸਾਹਿਬ ਜੀ ਦੇ ਮਿਸ਼ਨ ਦਾ ਝੰਡਾ ਯੂਰਪ ਭਰ ਵਿੱਚ ਬੁਲੰਦ ਕਰਨ ਵਾਲੀ ਸਿਰਮੌਰ ਸੰਸਥਾ ਡਾ:ਬੀ,ਆਰ ਅੰਬੇਡਕਰ ਵੈਲਫੇਅਰ ਐਸ਼ੋਸ਼ੀਏਸ਼ਨ (ਰਜਿ:)ਵੱਲੋਂ ਬਾਬਾ ਸਾਹਿਬ ਡਾ:ਭੀਮ ਰਾਓ ਅੰਬੇਡਕਰ ਜੀ ,ਮਹਾਤਮਾ ਜੋਤੀਬਾ ਫੂਲੇ ਅਤੇ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੇ ਜਨਮ ਦਿਨ ਅਤੇ ਅੰਦੋਲਨ ਨੂੰ ਸਮਰਪਿਤ ਵਿਸ਼ਾਲ ਵਿਚਾਰ ਗੋਸ਼ਟੀ ਵੈਨੇਤੋ ਸੂਬੇ ਦੇ ਜ਼ਿਲ੍ਹਾ ਵਿਰੋਨਾ ਵੇਲਾ ਫ੍ਰਾਨਕਾ ਵਿਖੇ 14 ਅਪ੍ਰੈਲ ਦਿਨ ਐਤਵਾਰ 2024 ਨੂੰ ਸਵੇਰੇ 10 ਵਜੇ ਤੋਂ ਦੁਪਿਹਰ 3 ਵਜੇ ਤੱਕ ਕਰਵਾਈ ਜਾ ਰਹੀ ਹੈ ।ਇਸ ਵਿਸ਼ਾਲ ਵਿਚਾਰ ਗੋਸ਼ਟੀ ਵਿੱਚ ਮਹਾਨ ਵਿਚਾਰਕ,ਬੁੱਧੀਜੀਵੀ ਸੰਤ ਕ੍ਰਿਸ਼ਨ ਨਾਥ ਚਹੇੜੂ ਵਾਲੇ,ਮਿਸ਼ਨਰੀ ਗੀਤਕਾਰ ਰੱਤੂ ਰੰਧਾਵਾ ਤੋਂ ਇਲਾਵਾ ਇਟਲੀ ਦੇ ਕੋਨੇ-ਕੋਨੇ ਤੋਂ ਮਿਸ਼ਨਰੀ ਪ੍ਰਚਾਰਕ ਤੇ ਸਮਰਥਕ ਸ਼ਿਕਰਕ ਕਰਨਗੇ।ਇਟਾਲੀਅਨ ਇੰਡੀਅਨ ਪ੍ਰੈੱਸ ਕਲੱਬ ਨੂੰ ਡਾ:ਬੀ,ਆਰ ਅੰਬੇਡਕਰ ਵੈਲਫੇਅਰ ਐਸ਼ੋਸ਼ੀਏਸ਼ਨ (ਰਜਿ:)ਇਟਲੀ ਦੇ ਪ੍ਰਧਾਨ ਕੈਲਾਸ਼ ਬੰਗੜ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਇਹ ਵਿਚਾਰ ਗੋਸ਼ਟੀ ਭਾਰਤੀ ਸਮਾਜ ਦੇ ਇਹਨਾਂ ਰਹਿਬਰਾਂ ਦੇ ਸੰਘਰਸ਼ ਪ੍ਰਤੀ ਸਮਾਜ ਨੂੰ ਜਾਗਰੂਕ ਕਰਨ ਸੰਬਧੀ ਹੈ ਜਿਹਨਾਂ ਦੀ ਬਦੌਲਤ ਭਾਰਤ ਦਾ ਪੱਛੜਿਆ ਸਮਾਜ ਦੁਨੀਆਂ ਵਿੱਚ ਸਨਮਾਨਤਾ ਭਰਿਆ ਜੀਵਨ ਬੀਤਤ ਕਰ ਰਿਹਾ ਹੈ।ਇਸ ਵਿਚਾਰ ਗੋਸ਼ਟੀ ਵਿੱਚ ਭਾਰਤੀ ਸਮਾਜ ਵਿੱਚ ਗਰੀਬਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਡੂੰਘੀਆਂ ਵਿਚਾਰਾਂ ਕੀਤੀਆਂ ਜਾਣਗੀਆ।




## ਦਿਗਿਆਂਗਾਂ ਮਰਦ/ਔਰਤਾਂ ਨੂੰ ਆ ਰਹੀ ਦਰਪੇਸ਼ ਸਮੱਸਿਆਵਾਂ ਦੇ ਸਬੰਧ ’ਚ ਡੀ.ਸੀ. ਕੰਪਲੈਕਸ ’ਚ ਕਰਵਾਇਆ ਸੈਮੀਨਾਰ

### ਦਿਵਿਆਂਗਾਂ ਨੇ ਮੰਗਾਂ ਪਹਿਲ ਦੇ ਆਧਾਰ ’ਤੇ ਹੱਲ ਕਰਨ ਲਈ ਸੌਂਪਿਆ ਮੰਗ ਪੱਤਰ

ਵਰਲਡ ਪੰਜਾਬੀ ਟਾਈਮਜ਼

ਕੋਟਕਪੂਰਾ/ਬਠਿੰਡਾ, 10 ਅਪ੍ਰੈਰਲ : ਡਿਪਟੀ ਕਮਿਸ਼ਨਰ, ਡੀ.ਐੱਸ.ਐੱਸ.ਓ. ਅਤੇ ਰਾਸ਼ਟਰੀ ਦਿਵਿਆਂਗ ਐਸੋਸ਼ੀਏਸ਼ਨ ਵਲੋਂ ਦਿਵਿਆਂਗ ਭੈਣ/ਭਰਾਵਾਂ ਲਈ ਡੀ.ਸੀ. ਦਫਤਰ ਤਹਿਸੀਲ ਕੰਪਲੈਕਸ ’ਚ ਸੈਮੀਨਾਰ ਕਰਵਾਇਆ ਗਿਆ, ਜਿਸ ’ਚ ਬਹੁਤ ਵੱਡੀ ਗਿਣਤੀ ’ਚ ਦਿਵਿਆਂਗਾਂ ਨੇ ਹਿੱਸਾ ਲਿਆ। ਸੈਮੀਨਾਰ ’ਚ ਅੰਗਹੀਣ ਭੈਣ/ਭਰਾਵਾਂ ਨੂੰ ਆ ਰਹੀਆਂ ਮੁਸ਼ਕਿਲਾਂ ਸਬੰਧੀ ਦੋ ਘੰਟੇ ਪ੍ਰਸ਼ਾਸ਼ਨ ਨਾਲ ਗੱਲਬਾਤ ਚੱਲੀ। ਆਪਣੇ ਸੰਬੋਧਨ ਦੌਰਾਨ ਰਾਸ਼ਟਰੀ ਦਿਵਿਆਂਗ ਐਸੋਸ਼ੀਏਸ਼ਨ ਦੇ ਸੂਬਾਈ ਪ੍ਰਧਾਨ ਲੱਖਾ ਸਿੰਘ ਸੰਘਰ, ਅਜੇ ਕੁਮਾਰ ਸਾਂਸੀ ਸਮੇਤ ਹੋਰ ਆਗੂਆਂ ਨੇ ਅੰਗਹੀਣਾ ਨੂੰ ਆ ਰਹੀਆਂ ਸਮੱਸਿਆਵਾਂ ਬਾਰੇ ਪ੍ਰਸ਼ਾਸ਼ਨ ਸਾਹਮਣੇ ਖੁੱਲ ਕੇ ਗੱਲਬਾਤ ਰੱਖੀ ਅਤੇ ਜਲਦੀ ਇਹਨਾਂ ਮੁਸ਼ਕਿਲਾਂ ਦਾ ਹੱਲ ਕਰਨ ਲਈ ਆਖਿਆ। ਪ੍ਰਸ਼ਾਸ਼ਨ ਵੱਲੋਂ ਵੀ ਦਿਵਿਆਂਗਾਂ ਦੀਆਂ ਮੁਸ਼ਕਿਲਾਂ ਬੜੇ ਗੌਰ ਨਾਲ ਸੁਣੀਆਂ ਗਈਆਂ ਅਤੇ ਜੋ ਮੰਗਾਂ ਲੋਕਲ ਪ੍ਰਸ਼ਾਸ਼ਨ ਦੇ ਪੂਰੀਆਂ ਕਰਨ ਵਾਲੀਆਂ ਹਨ, ਜਿਵੇਂ ਕਿ ਦਿਵਿਆਂਗਾਂ ਨੂੰ ਨਰੇਗਾ ’ਚ ਰੁਜਗਾਰ ਦੇਣ, ਦਫਤਰਾਂ ’ਚ ਪਹਿਲ ਦੇ ਆਧਾਰ ’ਤੇ ਸੁਣਵਾਈ, ਹਰ ਇਕ ਅਦਾਰੇ ’ਚ ਪਾਰਕਿੰਗ ਮੁਫਤ ਕਰਨ, ਰੁਜਗਾਰ ਚਲਾਉਣ ਲਈ ਬਿਨਾਂ ਗਰੰਟੀ ਬਿਨਾ ਵਿਆਜ ਲੋਨ ਦੇਣ, ਪ੍ਰਾਈਵੇਟ ਅਦਾਰਿਆਂ ’ਚ ਦਿਵਿਆਂਗਾਂ ਨੂੰ ਪਹਿਲ ਦੇ ਆਧਾਰ ’ਤੇ ਰੁਜਗਾਰ ਦੇਣ ਆਦਿ ਮੰਗਾਂ ਨੂੰ ਪੂਰੀਆਂ ਕਰਨ ਵਾਅਦਾ ਕੀਤਾ ਗਿਆ। ਉਹਨਾਂ ਦੱਸਿਆ ਕਿ ਪੰਜਾਬ ਸਰਕਾਰ ਪ੍ਰਤੀ ਮੰਗਾਂ ਜਿਵੇਂ ਕਿ ਪੈਨਸ਼ਨ ’ਚ ਵਾਧਾ ਕਰਨ, ਬੈਕ ਲਾਗ 4 ਫੀਸਦੀ ਕੋਟਾ ਅਤੇ ਹੋਰ ਕਈ ਸਾਰੇ ਮੁੱਦੇ ਪੰਜਾਬ ਸਰਕਾਰ ਤੱਕ ਪਹੁੰਚਾਉਣਾ ਬਾਰੇ ਵਿਸ਼ਵਾਸ਼ ਦਿਵਾਇਆ। ਇਸ ਮੌਕੇ ਉਪਰੋਕਤ ਤੋਂ ਇਲਾਵਾ ਰਾਸ਼ਟਰੀ ਦਿਵਿਆਂਗ ਐਸੋਸ਼ਏਸ਼ਨ ਪੰਜਾਬ ਦੇ ਸੀਨੀਅਰ ਸਲਾਹਕਾਰ ਰਣਧੀਰ ਸਿੰਘ, ਜਿਲਾ ਪ੍ਰਧਾਨ ਪਾਲਾ ਸਿੰਘ ਰਾਮਨਗਰ, ਜਿਲਾ ਸਕੱਤਰ ਗੁਰਜੰਟ ਸਿੰਘ ਭਾਗੀਵਾਂਦਰ, ਜਿਲਾ ਵਾਈਸ ਜਨਰਲ ਸੈਕਟਰੀ ਰੂਪ ਸਿੰਘ, ਜਨਰਲ ਸੈਕਟਰੀ ਬਲਜਿੰਦਰ ਸਿੰਘ, ਮੀਤ ਪ੍ਰਧਾਨ ਮੇਜਰ ਸਿੰਘ, ਗੁਰਵਿੰਦਰ ਸਿੰਘ, ਜੱਸੀ ਕੌਰ, ਹਰਮਨ ਸ਼ਰਮਾ, ਟਿੰਕੂ ਕੁਮਾਰ, ਕਿਰਨ ਜੀਤ ਕੌਰ, ਗੁਰਦੀਪ ਸਿੰਘ ਮੰਡੀਕਲਾਂ, ਜੱਗਾ ਸਿੰਘ ਮੀਆਂ, ਰਾਜ ਕੁਮਾਰ ਪੱਤਰਕਾਰ, ਨਰੇਸ਼ ਕੁਮਾਰ, ਗੋਰਾ ਸਿੰਘ ਗਿੱਲ, ਸੁਖਬੀਰ ਕੌਰ, ਅਮਨ ਦਸੌਂਦੀਆ ਮਾਨਸਾ, ਚੋਪੜਾ ਮਾਨਸਾ ਸਮੇਤ ਹੋਰ ਬਹੁਤ ਸਾਰੇ ਆਗੂ ਅਤੇ ਮੈਂਬਰ ਵੀ ਹਾਜਰ ਸਨ।



## ਤਰਕਸ਼ੀਲ ਸੁਸਾਇਟੀ ਵਲੋਂ ਡਾ. ਸਟਾਲਿਨਜੀਤ ਤੇ ਸੀ.ਏ.ਪ੍ਰਦੀਪ ਕੁਮਾਰ ਦਾ ਸਨਮਾਨ

### ਸਾਵਾਂ ਸੁਖਾਵਾਂ ਤੇ ਭਰਮ ਮੁਕਤ ਸਮਾਜ ਸਾਡਾ ਮਕਸਦ: ਭਦੌੜ

ਵਰਲਡ ਪੰਜਾਬੀ ਟਾਈਮਜ਼ — ਮਾਸਟਰ ਪਰਮਵੇਦ

ਬਰਨਾਲਾ 10 ਅਪ੍ਰੈਲ : ਵਿਗਿਆਨਕ ਚੇਤਨਾ ਦੇ ਪ੍ਰਚਾਰ ਪ੍ਰਸਾਰ ਵਿੱਚ ਜੁਟੀ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਘੇਰੇ ਨੂੰ ਹੋਰ ਵਿਸ਼ਾਲ ਕਰਨ ਵਿੱਚ ਸਮਾਜ ਦੇ ਵੱਖ ਵੱਖ ਖੇਤਰਾਂ ਵਿੱਚ ਕੰਮ ਕਰਦੇ ਮਾਹਿਰ ਤੇ ਖੋਜਾਰਥੀ ਵੀ ਤਰਕਸ਼ੀਲ ਲਹਿਰ ਨੂੰ ਆਪਣੀਆਂ ਨਿਰਸਵਾਰਥ ਸੇਵਾਵਾਂ ਦੇਣ ਲੱਗੇ ਹਨ।ਪੰਜਾਬੀ ਸਾਹਿਤ ਦੇ ਹੋਣਹਾਰ ਖੋਜਾਰਥੀ ਡਾ.ਸਟਾਲਿਨਜੀਤ ਸਿੰਘ ਨੇ ਆਪਣੇ ਲਗਾਤਾਰ ਅਣਥੱਕ ਯਤਨਾਂ ਨਾਲ ਤਰਕਸ਼ੀਲ ਸੁਸਾਇਟੀ ਦੇ ਦੋ ਮਾਸਿਕ ਤਰਕਸ਼ੀਲ ਮੈਗਜ਼ੀਨ ਦੇ ਸੰਨ 1984 ਤੋਂ 2010 ਤਕ ਦੇ ਸਾਰੇ ਹੀ ਅੰਕਾਂ ਦੀ ਪੀ.ਡੀ. ਐਫ. ਬਣਾ ਕੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਇੰਟਰਨੈੱਟ ਆਰਕਾਈਵ ਉਤੇ ਪਾਈ ਹੈ। 2011 ਤੋਂ ਬਾਅਦ ਅੱਜ ਤਕ ਦੇ ਅੰਕਾਂ ਨੂੰ ਸੁਸਾਇਟੀ ਦੇ ਜੋਨ ਆਗੂ ਹਰਚੰਦ ਭਿੰਡਰ ਵਲੋਂ ਮੁਕੰਮਲ ਕੀਤਾ ਗਿਆ ਹੈ। ਜਿਹੜੇ ਦੇਸ਼ ਵਿਦੇਸ਼ ਵਸਦੇ ਪਾਠਕਾਂ ਦੇ ਪੜ੍ਹਨ ਲਈ ਤਰਕਸ਼ੀਲ ਸੁਸਾਇਟੀ ਦੀ ਵੈੱਬਸਾਈਟ ਤੇ ਉਪਲਬਧ ਹਨ।ਸਥਾਨਕ ਚਾਰਟਰਡ ਅਕਾਊਂਟੈਂਟ ਪ੍ਰਦੀਪ ਕੁਮਾਰ ਨੇ ਤਰਕਸ਼ੀਲ ਭਵਨ ਬਰਨਾਲਾ ਦੀ ਉਸਾਰੀ ਅਤੇ ਤਰਕਸ਼ੀਲ ਸਾਹਿਤ ਵੈਨ ਸਬੰਧੀ ਹਿਸਾਬ ਕਿਤਾਬ ਰੱਖਣ ਵਿੱਚ ਲਗਾਤਾਰ ਸੇਵਾਵਾਂ ਦਿੰਦੇ ਹੋਏ ਆਪਣਾ ਹਾਂ ਪੱਖੀ ਰੋਲ ਨਿਭਾਇਆ। ਇਨ੍ਹਾਂ ਸੁਹਿਰਦ ਨਾਮਵਰ ਸਮਾਜਿਕ ਕਾਰਕੁਨਾਂ ਦੀਆਂ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਤਰਕਸ਼ੀਲ ਸੁਸਾਇਟੀ ਪੰਜਾਬ ਵਲੋਂ ਤਰਕਸ਼ੀਲ ਭਵਨ ਬਰਨਾਲਾ ਵਿਖੇ ਕਰਵਾਏ ਗਏ ਇਕ ਸੰਖੇਪ ਤੇ ਪ੍ਰਭਾਵਸ਼ਾਲੀ ਸਮਾਗਮ ਵਿੱਚ ਡਾ.ਸਟਾਲਿਨਜੀਤ ਸਿੰਘ ਅਤੇ ਸੀ.ਏ.ਪ੍ਰਦੀਪ ਕੁਮਾਰ ਨੂੰ ਤਰਕਸ਼ੀਲ ਕਿਤਾਬਾਂ ਦਾ ਇਕ ਇਕ ਸੈੱਟ ਅਤੇ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ।







ਇਸ ਮੌਕੇ ਬੋਲਦਿਆਂ ਸੂਬਾਈ ਜਥੇਬੰਦਕ ਮੁਖੀ ਮਾਸਟਰ ਰਾਜਿੰਦਰ ਭਦੌੜ ਨੇ ਸਨਮਾਨਿਤ ਸ਼ਖ਼ਸੀਅਤਾਂ ਦੇ ਉੱਦਮ ਦੀ ਪ੍ਰਸੰਸਾ ਕਰਦਿਆਂ ਆਖਿਆ ਕਿ ਤਰਕਸ਼ੀਲ ਸੁਸਾਇਟੀ ਆਪਣੇ ਸੀਮਤ ਸਾਧਨਾਂ ਦੇ ਬਾਵਜੂਦ ਪਿਛਲੇ ਚਾਰ ਦਹਾਕਿਆਂ ਤੋਂ ਵਹਿਮਾਂ ਭਰਮਾਂ, ਅੰਧ ਵਿਸ਼ਵਾਸ਼ਾਂ ਨਾਬਰਾਬਰੀ ਖ਼ਿਲਾਫ਼ ਵਿਗਿਆਨਕ ਚੇਤਨਾ ਦੇ ਪ੍ਰਚਾਰ ਪਸਾਰ ਵਿੱਚ ਜੁਟੀ ਹੈ।ਜਿਸ ਦਾ ਮਕਸਦ ਸਾਵੇਂ ਸੁਖਾਵੇਂ ਤੇ ਭਰਮ ਮੁਕਤ ਸਮਾਜ ਹੈ।ਉਨ੍ਹਾਂ ਆਖਿਆ ਕਿ ਤਰਕਸ਼ੀਲ ਲਹਿਰ ਲਈ ਸੁਹਿਰਦ ਸਮਾਜਿਕ ਕਾਰਕੁਨਾਂ ਦਾ ਸਹਿਯੋਗ ਆਪਣੇ ਆਪ ਵਿੱਚ ਸਰਾਹੁਣਯੋਗ ਉੱਦਮ ਹੈ। ਇਸ ਮੌਕੇ ਸੁਸਾਇਟੀ ਵੱਲੋਂ ਮੈਂਬਰ ਹੇਮ ਰਾਜ ਸਟੈਨੋਂ, ਰਾਜਪਾਲ ਸਿੰਘ, ਬਲਬੀਰ ਲੌਂਗੋਵਾਲ, ਰਾਜੇਸ਼ ਅਕਲੀਆ, ਰਾਮ ਸਵਰਨ ਲੱਖੇਵਾਲੀ, ਜਸਵਿੰਦਰ ਫਗਵਾੜਾ,ਜਸਵੰਤ ਮੋਹਾਲੀ, ਜੋਗਿੰਦਰ ਕੁੱਲੇਵਾਲ, ਸੁਮੀਤ ਅੰਮ੍ਰਿਤਸਰ, ਅਜੀਤ ਪ੍ਰਦੇਸੀ, ਗੁਰਪ੍ਰੀਤ ਸ਼ਹਿਣਾ, ਸੰਦੀਪ ਧਾਰੀਵਾਲ ਭੋਜਾਂ, ਪ੍ਰਿੰਸੀਪਲ ਗੁਰਮੀਤ ਖਰੜ, ਬਲਰਾਜ ਮੌੜ, ਕੁਲਜੀਤ ਅਬੋਹਰ ਮਾਸਟਰ ਪਰਮਵੇਦ ਸੰਗਰੂਰ, ਪਰਸ਼ੋਤਮ ਬੱਲੀ ਤੇ ਭੂਰਾ ਸਿੰਘ ਮਹਿਮਾ ਆਦਿ ਆਗੂ ਵੀ ਮੌਜੂਦ ਸਨ।

ਫ਼ੋਟੋ ਕੈਪਸ਼ਨ: ਸਥਾਨਕ ਤਰਕਸ਼ੀਲ ਭਵਨ ਵਿੱਚ ਡਾ. ਸਟਾਲਨਜੀਤ ਤੇ ਸੀ.ਏ. ਪ੍ਰਦੀਪ ਕੁਮਾਰ ਦਾ ਸਨਮਾਨ ਕਰਦੇ ਹੋਏ ਸੂਬਾਈ ਆਗੂ।

## ਇਟਲੀ : ਹਾਈਡ੍ਰੋਇਲੈਕਟ੍ਰਿਕ ਪਲਾਂਟ ਵਿੱਚ ਹੋਏ ਜਬਰਦਸਤ ਧਮਾਕੇ ਕਾਰਨ 4 ਲੋਕਾਂ ਦੀ ਮੌਤ,7 ਲਾਪਤਾ ਤੇ 3 ਗੰਭੀਰ ਜਖ਼ਮੀ

ਵਰਲਡ ਪੰਜਾਬੀ ਟਾਈਮਜ਼ — ਨਵਜੋਤ ਪਨੈਚ ਢੀਂਡਸਾ




ਮਿਲਾਨ, 10 ਅਪ੍ਰੈਲ : ਉੱਤਰੀ ਇਟਲੀ ਦੇ ਸੂਬੇ ਇਮਿਲੀਆ ਰੋਮਾਨਾ ਦੇ ਜ਼ਿਲ੍ਹਾ ਬਲੋਨੀਆਂ ਦੇ ਸ਼ਹਿਰ ਬਰਗੀ ਦੇ ਪਹਾੜ੍ਹਾਂ ਵਿੱਚੋਂ ਵਹਿੰਦੀ ਸੁਵੀਆਨਾ ਝੀਲ ਉਪੱਰ ਸਥਿਤ ਐਨਲ ਗ੍ਰੀਨ ਪਾਵਰ ਦੁਆਰਾ ਚਲਾਏ ਜਾ ਰਹੇ ਪਾਣੀ ਤੋਂ ਬਿਜਲੀ ਬਣਾਉਣ ਦੇ ਹਾਈਡ੍ਰੋਇਲੈਕਟ੍ਰਿਕ ਪਲਾਂਟ ਵਿੱਚ ਅਚਾਨਕ ਹੋਏ ਜਬਰਦਸਤ ਧਮਾਕੇ ਨਾਲ 4 ਲੋਕਾਂ ਦੀ ਦਰਦਨਾਕ ਮੌਤ ਹੋ ਜਾਣ ਦੀ ਘਟਨਾ ਦਾ ਖੁਲਾਸਾ ਹੋਇਆ ਹੈ।ਇਟਾਲੀਅਨ ਮੀਡੀਏ ਅਨੁਸਾਰ ਬਰਗੀ ਹਾਈਡ੍ਰੋਰਇਲੈਕਟ੍ਰਿਕ ਪਾਵਰ ਪਲਾਂਟ ਦੇ ਧਮਾਕੇ ਨਾਲ ਕਰੀਬ 15 ਲੋਕ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ ਜਿਸ ਵਿੱਚੋਂ 4 ਲੋਕਾਂ ਦੀ ਹੋਏ ਧਮਾਕੇ ਕਾਰਨ ਘਟਨਾ ਸਥਲ ਉਪੱਰ ਮੌਕੇ ਤੇ ਹੀ ਮੌਤ ਹੋ ਗਈ ਤੇ 7 ਲੋਕ ਲਾਪਤਾ ਹਨ ਜਦੋਂ ਕਿ 3 ਲੋਕ ਬੁਰੀ ਤਰ੍ਹਾਂ ਜ਼ਖ਼ਮੀ ਹੋਏ ਹਨ।ਘਟਨਾ ਦੀ ਸੂਚਨਾ ਮਿਲਦੇ ਹੀ ਅੱਗ ਬੁਝਾਊ ਦੀਆਂ ਗੱਡੀਆਂ ,ਐਂਬੂਲੈਸਾਂ ਤੇ ਰਾਹਤ ਕਰਮਚਾਰੀ ਵੱਡੀ ਗਿਣਤੀ ਵਿੱਚ ਪਹੁੰਚ ਗਏ ਪਰ ਧਮਾਕੇ ਕਾਰਨ ਪਲਾਂਟ ਦੇ ਅੰਦਰ ਪਾਣੀ ਬਹੁਤ ਭਰ ਗਿਆ ਜਿਸ ਨਾਲ ਬਚਾਅ ਕਾਰਜਾਂ ਵਿੱਚ ਕਾਫ਼ੀ ਮੁਸ਼ਕਿਲ ਪੇਸ਼ ਆਈ।ਇਸ ਘਟਨਾ ਨਾਲ ਸਾਰੇ ਇਲਾਕੇ ਵਿੱਚ ਸਨਸਨੀ ਫੈਲ ਗਈ ਤੇ ਕਮੂਨਿਆਨੋ ਸ਼ਹਿਰ ਜੋ ਕਿ ਬਰਗੀ ਦੇ ਨਾਲ ਹੀ ਲੱਗਦਾ ਹੈ ਉੱਥੋ ਦੇ ਮੇਅਰ ਮਾਰਕੋ ਮਾਸੀਨਾਰਾ ਨੇ ਘਟਨਾ ਸਥਲ ਨੂੰ ਭਿਆਨਕ ਕੰਮ ਵਾਲੀ ਥਾਂ ਦੱਸਦਿਆਂ ਕਿਹਾ ਕਿ ਇਸ ਧਮਾਕੇ ਨਾਲ ਇਟਾਲੀਅਨ ਲੋਕ ਬਹੁਤ ਪ੍ਰਭਾਵਿਤ ਹੋਏ ਹਨ।ਘਟਨਾ ਦੇ ਕਾਰਨਾ ਦਾ ਹਾਲੇ ਪੂਰੀ ਤਰ੍ਹਾਂ ਪਤਾ ਨਹੀ ਲੱਗ ਸਕਿਆ ਪਰ ਦੱਸਿਆ ਜਾ ਰਿਹਾ ਹੈ ਕਿ ਬੇਸਮੈਂਟ ਦੀ 8ਵੀਂ ਮੰਜ਼ਿਲ ਦੇ ਅੰਦਰ ਧਮਾਕੇ ਨਾਲ ਬਹੁਤ ਪਾਣੀ ਭਰ ਗਿਆ ਹੈ ਜਿਹੜਾ ਕਿ ਰਾਹਤ ਕਾਰਜਾਂ ਵਿੱਚ ਅੜਿੱਕਾ ਬਣ ਰਿਹਾ ਇਸ ਦੇ ਬਾਵਜੂਦ ਸੁੱਰਖਿਆ ਕਰਮਚਾਰੀ ਸਥਿਤੀ ਨਾਲ ਨਜਿੱਠ ਰਹੇ ਹਨ।ਇਟਲੀ ਦੀ ਪ੍ਰਧਾਨ ਮੰਤਰੀ ਮੈਡਮ ਜੋਰਜੀਆ ਮੇਲੋਨੀ ਨੇ ਇਸ ਮੰਦਭਾਗੀ ਘਟਨਾ ਉਪੱਰ ਸੋਸ਼ਲ ਮੀਡੀਏ ਰਾਹੀ ਚਿੰਤਾ ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।



## ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਵਸ ਨੂੰ ਸਮਰਪਿਤ

### ‘ਜੈ ਭੀਮ ਪੈਦਲ ਮਾਰਚ’ 14 ਅਪ੍ਰੈਲ ਨੂੰ ਕਰਵਾਉਣ ਲਈ ਪੁਖਤਾ ਪ੍ਰਬੰਧਾਂ ਬਾਰੇ ਹੋਈ ਜਰੂਰੀ ਮੀਟਿੰਗ

ਵਰਲਡ ਪੰਜਾਬੀ ਟਾਈਮਜ਼ — ਟਿੰਕੂ ਕੁਮਾਰ



ਕੋਟਕਪੂਰਾ, 10 ਅਪ੍ਰੈਰਲ : ਸੋਹੰ ਸਪੋਰਟਸ ਐਂਡ ਕਲਚਰਲ ਸੁਸਾਇਟੀ ਅਤੇ ਬਾਬਾ ਸਾਹਿਬ ਐਜੂਕੇਸ਼ਨਲ ਸੁਸਾਇਟੀ ਕੋਟਕਪੂਰਾ ਵਲੋਂ ਬਾਬਾ ਸਾਹਿਬ ਜੀ ਦੇ 133ਵੇਂ ਜਨਮ ਦਿਵਸ ਨੂੰ ਸਮਰਪਿਤ ਇੱਕ ਚੇਤਨਾ ਮਾਰਚ ‘ਜੈ ਭੀਮ ਪੈਦਲ ਮਾਰਚ’ ਮਿਤੀ 14 ਅਪ੍ਰੈਲ ਦਿਨ ਐਤਵਾਰ ਨੂੰ ਕਰਵਾਈ ਜਾ ਰਹੀ ਹੈ। ਜਿਸ ਨੂੰ ਹੋਰ ਵਧੀਆ ਅਤੇ ਵੱਡੇ ਪੱਧਰ ’ਤੇ ਕਰਨ ਲਈ ਸੁਸਾਇਟੀ ਦੀ ਜਰੂਰੀ ਮੀਟਿੰਗ ਗੁਰੂ ਰਵਿਦਾਸ ਮੰਦਰ ਪ੍ਰੇਮ ਨਗਰ ਕੋਟਕਪੂਰਾ ਵਿਖੇ ਹੋਈ, ਜਿਸ ’ਚ ਸਮੂਹ ਮੁਹੱਲਾ ਨਿਵਾਸੀਆਂ ਨੇ ਸ਼ਿਰਕਤ ਕੀਤੀ। ਇਸ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸੁਸਾਇਟੀ ਦੇ ਪ੍ਰਧਾਨ ਰਾਜ ਕੁਮਾਰ ਕੌਂਚਰ ਨੇ ਦੱਸਿਆ ਕਿ ਬਾਬਾ ਸਾਹਿਬ ਜੀ ਦੇ ਜਨਮ ਦਿਵਸ ’ਤੇ ਸੁਸਾਇਟੀ ਲਗਾਤਾਰ ਕਈ ਸਾਲਾਂ ਤੋਂ ਮੈਰਾਥਨ ਤੇ ਪੈਦਲ ਮਾਰਚ ਕਰਵਾ ਰਹੀ ਹੈ ਅਤੇ ਇਸ ਸਾਲ ਵੀ ਇਹ ਪੈਦਲ ਮਾਰਚ ਵੱਡੇ ਪੱਧਰ ’ਤੇ ਕਰਵਾਉਣ ਦੀ ਤਿਆਰੀ ਲਈ ਇਹ ਮੀਟਿੰਗ ਬੁਲਾਈ ਗਈ ਹੈ। ਉਹਨਾਂ ਦੱਸਿਆ ਕਿ ‘ਜੈ ਭੀਮ ਪੈਦਲ ਮਾਰਚ’ ਜੋ ਕਿ ਮਿਤੀ 14 ਅਪ੍ਰੈਲ ਨੂੰ ਸਵੇਰੇ 5:30 ਵਜੇ ਗੁਰੂ ਰਵਿਦਾਸ ਮੰਦਰ ਪ੍ਰੇਮ ਨਗਰ ਤੋਂ ਸ਼ੁਰੂ ਹੋ ਕੇ ਸਾਰੇ ਸ਼ਹਿਰ ਦੀ ਪਰਿਕਰਮਾ ਕਰਦੇ ਹੋਏ ਸਮਾਪਤੀ ਵੀ ਗੁਰੂ ਰਵਿਦਾਸ ਮੰਦਰ ਵਿਖੇ ਹੋਵੇਗੀ। ਇਸ ਦੌਰਾਨ ਸ਼ਹਿਰ ਦੇ ਵੱਖ-ਵੱਖ ਸਥਾਨਾਂ, ਮੁਹੱਲਿਆਂ ਅਤੇ ਚੌਕਾਂ ਅਤੇ ਲੋਕਾਂ ਨੂੰ ਬਾਬਾ ਸਾਹਿਬ ਜੀ ਦੀ ਵਿਚਾਰਧਾਰਾ ਨਾਲ ਜੋੜਨ ਅਤੇ ਉਹਨਾਂ ਦੇ ਜੀਵਨ ਸਬੰਧੀ ਕੁਇਜ਼ ਵੀ ਕਰਵਾਏ ਜਾਣਗੇ ਅਤੇ ਜੇਤੂਆਂ ਨੂੰ ਉਸੇ ਵਕਤ ਇਨਾਮ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਮੀਟਿੰਗ ’ਚ ਇਹ ਵੀ ਫੈਸਲਾ ਕੀਤਾ ਗਿਆ ਕਿ ਬਾਬਾ ਸਾਹਿਬ ਜੀ ਦੇ ਜੀਵਨ ਨਾਲ ਸਬੰਧਤ ਇੱਕ ਬਰੋਸ਼ਰ ‘ਮਹਾਨ ਅੰਬੇਡਕਰ ਨੂੰ ਜਾਣੋ’ ਵੀ ਛਾਪਿਆ ਜਾਵੇਗਾ, ਜਿਸ ਵਿੱਚ ਬਾਬਾ ਸਾਹਿਬ ਜੀ ਦੇ ਜੀਵਨ ਅਤੇ ਉਹਨਾਂ ਦੀ ਸਮਾਜ ਨੂੰ ਕੀ ਦੇਣ ਹੈ, ਬਾਰੇ ਛਾਪਿਆ ਜਾਵੇਗਾ ਅਤੇ ਇਸ ਬਰੋਸ਼ਰ ਨੂੰ ਪੈਦਲ ਮਾਰਚ ਸਮੇਂ ਲੋਕਾਂ ’ਚ ਵੰਡਿਆ ਜਾਵੇਗਾ। ਮੀਟਿੰਗ ’ਚ ਸੁਸਾਇਟੀ ਵੱਲੋਂ ਇਸ ਮਾਰਚ ਲਈ ਇੱਕ ਟੀ-ਸ਼ਰਟ ਵੀ ਲਾਂਚ ਕੀਤੀ ਗਈ। ਮੀਟਿੰਗ ’ਚ ਮੌਜੂਦ ਸੁਸਾਇਟੀ ਦੇ ਮੈਂਬਰ ਸਹਿਬਾਨ ਮਨਮੋਹਨ ਕ੍ਰਿਸ਼ਨ, ਸੰਦੀਪ ਕੁਮਾਰ ਭੰਡਾਰੀ, ਬਾਲ ਕ੍ਰਿਸ਼ਨ, ਅਵਤਾਰ ਕ੍ਰਿਸ਼ਨ, ਰਾਮ ਬਹਾਦਰ, ਨਵੀਨ ਜੈਨ, ਰਾਜ ਕੁਮਾਰ ਟੋਨੀ, ਸ਼੍ਰੀ ਧਰਮਵੀਰ, ਗੁਰਮੀਤ ਜਲਾਲਾਬਾਦੀ, ਹੁਕਮ ਚੰਦ, ਰਵਿੰਦਰ ਕੁਮਾਰ ਅਤੇ ਸੋਮੀ ਕੁਮਾਰ, ਗੁਲਸ਼ਨ ਸਿੰਘ ਪਵਾਰ ਆਦਿ ਵੀ ਸ਼ਾਮਿਲ ਸਨ। ਮੈਂਬਰਾਂ ਤੋਂ ਇਲਾਵਾ ਇਸ ਮੀਟਿੰਗ ਵਿੱਚ ਹੋਰ ਪਤਵੰਤੇ-ਸੱਜਣ ਜਿਵੇ ਨਰਿੰਦਰ ਰਾਠੌਰ, ਪਿਆਰੇ ਲਾਲ ਅਤੇ ਵੱਡੀ ਗਿਣਤੀ ’ਚ ਮੁਹੱਲੇ ਦੀਆਂ ਔਰਤਾਂ ਸ਼ਾਮਿਲ ਸਨ।

## ਪਿੰਡ ਹੁਸੈਨਪੁਰ ਵਿਖੇ ਗੱਤਕੇ ਦੀਆਂ ਮੁਫ਼ਤ ਕਲਾਸਾਂ 13 ਅਪ੍ਰੈਲ ਤੋਂ

ਵਰਲਡ ਪੰਜਾਬੀ ਟਾਈਮਜ਼ — ਗੁਰਬਿੰਦਰ ਸਿੰਘ ਰੋਮੀ

ਰੋਪੜ, 10 ਅਪ੍ਰੈਲ : ਦਸ਼ਮੇਸ਼ ਯੂਥ ਕਲੱਬ ਗ੍ਰੀਨ ਐਵਿਨਿਊ ਕਲੋਨੀ ਅਤੇ ਗੱਤਕਾ ਐਸੋਸੀਏਸ਼ਨ ਰੋਪੜ ਵੱਲੋਂ ਪ੍ਰਬੰਧਕ ਕਮੇਟੀ ਗੁਰੂਦੁਆਰਾ ਨਾਨਕ ਦਰਬਾਰ ਸਾਹਿਬ ਹੁਸੈਨਪੁਰ ਦੇ ਸਹਿਯੋਗ ਨਾਲ ਖਾਲਸਾ ਸਾਜਨਾ ਦਿਵਸ ਮੌਕੇ 13 ਅਪ੍ਰੈਲ ਤੋਂ ਮੁਫ਼ਤ ਗੱਤਕੇ ਦੀਆਂ ਕਲਾਸਾਂ ਸ਼ੁਰੂ ਕੀਤੀਆਂ ਜਾ ਰਹੀਆਂ ਹਨ। ਕਲੱਬ ਪ੍ਰਧਾਨ ਗੁਰਪ੍ਰੀਤ ਸਿੰਘ ਭਾਉਵਾਲ ਨੇ ਦੱਸਿਆ ਕਿ ਖਾਲਸਾ ਪੰਥ ਦੇ ਅਨਿੱਖੜਵੇਂ ਅੰਗ ਸ਼ਸਤਰ ਵਿਦਿਆ ਦੇ ਪ੍ਰਚਾਰ ਤੇ ਪ੍ਰਸਾਰ ਲਈ ਸ਼ਾਮ 04:00 ਤੋਂ 06:00 ਵਜੇ ਤੱਕ ਕਲਾਸਾਂ ਮੁੱਖ ਕੋਚ ਸ਼ੈਰੀ ਸਿੰਘ ਭਾਂਬਰੀ ਵੱਲੋਂ ਲਗਾਈਆਂ ਜਾਣਗੀਆਂ। ਇਸ ਮੌਕੇ ਐਸੋਸੀਏਸ਼ਨ ਦੇ ਪ੍ਰਧਾਨ ਬੀਬੀ ਮਨਜੀਤ ਕੌਰ, ਗੁਰਵਿੰਦਰ ਸਿੰਘ ਘਨੌਲੀ, ਜਸਪ੍ਰੀਤ ਸਿੰਘ, ਗੁਰਵਿੰਦਰ ਸਿੰਘ ਰੂਪਨਗਰ, ਭਾਈ ਕਾਮਿੰਦਰ ਸਿੰਘ ਅਤੇ ਹੋਰ ਪਤਵੰਤੇ ਸੱਜਣ ਹਾਜਰ ਸਨ।




## ਲੋਕ ਸੰਪਰਕ ਦੇ ਸੇਵਾ ਮੁਕਤ ਅਧਿਕਾਰੀਆਂ ਦੇ ਜਨਮ ਦਿਨ ਮਨਾਏ ਗਏ

ਵਰਲਡ ਪੰਜਾਬੀ ਟਾਈਮਜ਼

ਪਟਿਆਲਾ: 10 ਅਪ੍ਰੈਲ : ਸੇਵਾ ਮੁਕਤ ਮੁਲਾਜ਼ਮਾ ਨੂੰ ਆ ਰਹੇ ਗਰਮੀ ਦੇ ਮੌਸਮ ਵਿੱਚ ਧਿਆਨ ਨਾਲ ਵਿਚਰਨਾ ਚਾਹੀਦਾ। ਤੰਦਰੁਸਤ ਸਿਹਤ ਲਈ ਸਵੇਰੇ ਸ਼ਾਮ ਨੂੰ ਸੈਰ ਦੋ ਵਾਰ ਕਰਨੀ ਚਾਹੀਦੀ ਹੈ। ਖਾਣ ਪੀਣ ਵਿੱਚ ਵੀ ਇਤਿਹਾਤ ਵਰਤਣੀ ਜ਼ਰੂਰੀ ਹੈ। ਮੈਦੇ ਵਾਲੀਆਂ ਚੀਜ਼ਾਂ ਵੀ ਨਹੀਂ ਖਾਣੀਆਂ ਚਾਹੀਦੀਆਂ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸੁਰਜੀਤ ਸਿੰਘ ਸੈਣੀ ਪ੍ਰਧਾਨ ਜਿਲ੍ਹਾ ਲੋਕ ਸੰਪਰਕ ਵਿਭਾਗ ਪਟਿਆਲਾ ਨੇ ਸੇਵਾ ਮੁਕਤ ਮੁਲਾਜ਼ਮਾ ਦੀ ਵੈਲਫੇਅਰ ਐਸੋਸੀਏਸ਼ਨ ਵੱਲੋਂ ਆਯੋਜਤ ਮਹੀਨਾਵਰ ਮੀਟਿੰਗ ਵਿੱਚ ਬੋਲਦਿਆਂ ਕੀਤਾ। ਇਸ ਮੀਟਿੰਗ ਦੀ ਪ੍ਰਧਾਨਗੀ ਰਾਜ ਕੁਮਾਰ ਸਾਬਕਾ ਡਰਾਇਵਰ ਜ਼ਿਲ੍ਹਾ ਲੋਕ ਸੰਪਰਕ ਦਫ਼ਤਰ ਪਟਿਆਲਾ ਨੇ ਕੀਤੀ। ਇਸ ਮੌਕੇ ‘ਤੇ ਸ਼੍ਰੀਮਤੀ ਪਰਮਜੀਤ ਕੌਰ ਸੋਢੀ ਅਤੇ ਸ਼੍ਰੀ ਨਵਲ ਕਿਸ਼ੋਰ ਦੇ ਜਨਮ ਦਿਨ ਕੇਕ ਕੱਟਕੇ ਮਨਾਏ ਗਏ। ਸਾਰੇ ਮੈਂਬਰਾਂ ਨੇ ਦੋਹਾਂ ਨੂੰ ਜਨਮ ਦਿਨ ਦੀਆਂ ਮੁਬਾਰਕਾਂ ਦਿੱਤੀਆਂ। ਸ਼੍ਰੀ ਜੈ ਕ੍ਰਿਸ਼ਨ ਕੈਸ਼ਅਪ ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ ਨੇ ਵਿਭਾਗ ਦੀ ਨੌਕਰੀ ਦੌਰਾਨ ਹੋਏ ਖੱਟੇ ਮਿੱਠੇ ਤਜ਼ਰਬੇ ਸਾਂਝੇ ਕੀਤੇ। ਮੀਟਿੰਗ ਵਿਚ ਸ਼੍ਰੀਮਤੀ ਵੀਨਾ ਕੁਮਾਰੀ ਸਹਾਇਕ, ਸ਼੍ਰੀ ਹਾਕਮ ਥਾਪਰ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ ਪਟਿਆਲਾ ਦੇ ਪਿਤਾ ਸ਼੍ਰੀ ਸਰਵਣ ਸਿੰਘ ਥਾਪਰ ਅਤੇ ਸ਼੍ਰੀ ਭੁਪੇਸ਼ ਚੱਠਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ ਫ਼ਤਿਹਗੜ੍ਹ ਸਾਹਿਬ ਦੇ ਪਿਤਾ ਸ਼੍ਰੀ ਮਦਨ ਮੋਹਨ ਚੱਠਾ ਦੇ ਸਵਰਗਵਾਸ ਹੋਣ ਤੇ ਦੋ ਮਿੰਟ ਦਾ ਮੋਨ ਰੱਖ ਕੇ ਸ਼ਰਧਾ ਦੇ ਫੁੱਲ ਭੇਂਟ ਕੀਤੇ। ਇਸ ਮੀਟਿੰਗ ਵਿੱਚ ਅਮਰਜੀਤ ਸਿੰਘ ਵੜੈਚ, ਉਜਾਗਰ ਸਿੰਘ, ਸੁਰਜੀਤ ਸਿੰਘ ਸੈਣੀ, ਜੈ ਕ੍ਰਿਸ਼ਨ ਕੈਸ਼ਅਪ, ਅਸ਼ੋਕ ਕੁਮਾਰ ਸ਼ਰਮਾ, ਪਰਮਜੀਤ ਕੌਰ ਸੋਢੀ, ਸ਼ਾਮ ਸੁੰਦਰ, ਨਰਾਤਾ ਸਿੰਘ ਸਿੱਧੂ, ਨਵਲ ਕਿਸ਼ੋਰ, ਜੀ.ਆਰ.ਕੁਮਰਾ, ਪਰਮਜੀਤ ਸਿੰਘ ਸੇਠੀ, ਵਿਮਲ ਕੁਮਾਰ ਲਕੋਤਰਾ, ਗੁਰਪ੍ਰਤਾਪ ਸਿੰਘ ਜੀ.ਪੀ., ਰਾਜ ਕੁਮਾਰ ਅਤੇ ਪਾਲ ਸਿੰਘ ਸ਼ਾਮਲ ਹੋਏ।



ਤਸਵੀਰ: ਐਸੋਸੀਏਸ਼ਨ ਦੇ ਅਹੁਦੇਦਾਰ ਅਤੇ ਮੈਂਬਰ।


ਵਰਲਡ ਪੰਜਾਬੀ ਟਾਈਮਜ਼ 10 ਅਪ੍ਰੈਲ 2024 ਦਿਨ ਬੁੱਧਵਾਰ

# 10 ਅਪ੍ਰੈਲ ਨੂੰ ਵਿਸ਼ਵ ਹੋਮਿਓਪੈਥੀ ਦਿਵਸ ਤੇ ਵਿਸ਼ੇਸ਼।

## ਆਓ ਜਾਣੀਏ ਹੋਮਿਓਪੈਥਿਕ ਦੇ ਜਨਮਦਾਤਾ ਡਾਕਟਰ ਸੈਮੂਅਲ ਫ੍ਰੈਡਰਿਕ ਹੈਨੀਮੈਨ ਬਾਰੇ ।

## ਡਾ. ਸੈਮੂਅਲ ਫ੍ਰੈਡਰਿਕ ਹੈਨੀਮੈਨ ਦੇ ਜਨਮ ਦਿਨ ਨੂੰ ਸਮਰਪਿਤ 10 ਅਪ੍ਰੈਲ ਨੂੰ ਹੋਮਿਓਪੈਥੀ ਦਿਵਸ ਮਨਾਇਆ ਜਾਂਦਾ ਹੈ।

ਵਰਲਡ ਪੰਜਾਬੀ ਟਾਈਮਜ਼
ਲੈਕਚਰਾਰ ਲਲਿਤ ਗੁਪਤਾ




ਐਲੋਪੈਥੀ, ਹੋਮਿਓਪੈਥੀ ਅਤੇ ਆਯੁਰਵੇਦ ਦੇਸ਼ ਭਰ ਵਿੱਚ ਇਲਾਜ ਦੇ ਤਿੰਨ ਮੁੱਖ ਤਰੀਕੇ ਹਨ। ਹਰ ਸੰਭਵ ਇਲਾਜ ਪ੍ਰਣਾਲੀ ਨੂੰ ਵੱਖੋ-ਵੱਖਰੇ ਢੰਗ ਨਾਲ ਅਪਣਾਇਆ ਜਾਂਦਾ ਹੈ। ਮੌਜੂਦਾ ਸਮੇਂ ਵਿੱਚ ਲੋਕ ਇਨ੍ਹਾਂ ਤਿੰਨਾਂ ਬਾਰੇ ਜਾਣੂ ਹੋ ਗਏ ਹਨ ਅਤੇ ਇਨ੍ਹਾਂ 'ਤੇ ਭਰੋਸਾ ਕਰਕੇ ਇਲਾਜ ਕਰਵਾ ਰਹੇ ਹਨ। ਹਾਲਾਂਕਿ ਮੌਜੂਦਾ ਸਮੇਂ ਵਿੱਚ ਐਲੋਪੈਥੀ ਤੋਂ ਬਾਅਦ ਹੋਮਿਓਪੈਥੀ ਅਤੇ ਆਯੁਰਵੈਦਿਕ ਪ੍ਰਣਾਲੀ ਦੀ ਵਧੇਰੇ ਚਰਚਾ ਕੀਤੀ ਜਾਂਦੀ ਹੈ। ਇਨ੍ਹਾਂ ਵਿੱਚੋਂ ਕਿਹੜਾ ਤਰੀਕਾ ਬਿਹਤਰ ਹੈ, ਇਸ ਬਾਰੇ ਹਰ ਕਿਸੇ ਦੇ ਵੱਖੋ-ਵੱਖਰੇ ਵਿਚਾਰ ਹਨ।

'ਵਿਸ਼ਵ ਹੋਮਿਓਪੈਥੀ ਦਿਵਸ' 10 ਅਪ੍ਰੈਲ ਨੂੰ ਪੂਰੀ ਦੁਨੀਆ ਵਿੱਚ ਮਨਾਇਆ ਜਾਂਦਾ ਹੈ। ਇਹ ਦਿਨ ਹੋਮਿਓਪੈਥੀ ਦਵਾਈ ਪ੍ਰਣਾਲੀ ਪ੍ਰਤੀ ਜਾਗਰੂਕਤਾ ਲਿਆਉਣ ਲਈ ਮਨਾਇਆ ਜਾਂਦਾ ਹੈ। ਡਾ: ਸੈਮੂਅਲ ਫ੍ਰੈਡਰਿਕ ਹੈਨੀਮੈਨ ਨੇ ਹੋਮਿਓਪੈਥਿਕ ਦਵਾਈਆਂ ਦੀ ਖੋਜ ਕੀਤੀ। ਕਰੋਨਾ ਦੇ ਦੌਰ ਤੋਂ ਬਾਅਦ ਕਈ ਲੋਕ ਅਜਿਹੇ ਹਨ ਜਿਨ੍ਹਾਂ ਦਾ ਹੋਮਿਓਪੈਥੀ ਵੱਲ ਝੁਕਾਅ ਪਹਿਲਾਂ ਨਾਲੋਂ ਵੱਧ ਗਿਆ ਹੈ। ਇਸ ਦਾ ਇੱਕ ਅਹਿਮ ਕਾਰਨ ਐਲੋਪੈਥੀ ਦਵਾਈਆਂ ਦੇ ਕੁਝ ਮਾੜੇ ਪ੍ਰਭਾਵ (ਸਾਈਡ ਇਫੈਕਟ) ਹੁੰਦੇ ਹਨ ਜਦੋਂ ਕਿ ਹੋਮਿਓਪੈਥੀ ਦੇ ਮਾੜੇ ਪ੍ਰਭਾਵ ਨਹੀਂ ਹੁੰਦੇ। ਮਹਾਂਮਾਰੀ ਦੌਰਾਨ ਐਲੋਪੈਥੀ ਦੀਆਂ ਦਵਾਈਆਂ ਕਈ ਮਾਮਲਿਆਂ ਵਿੱਚ ਬੇਅਸਰ ਪਾਈਆਂ ਗਈਆਂ। ਇਸ ਤੋਂ ਪਹਿਲਾਂ ਹੋਮਿਓਪੈਥੀ ਨੂੰ ਇੱਕ ਵਿਕਲਪਿਕ ਵਿਗਿਆਨ ਵਜੋਂ ਲੋਕਾਂ ਵਿੱਚ ਜਾਗਰੂਕ ਕੀਤਾ ਗਿਆ ।

ਆਓ ਜਾਣੀਏ ਹੋਮਿਓਪੈਥੀ ਦੇ ਜਨਕ ਡਾਕਟਰ ਸੈਮੂਲ ਫਰੈਡਰਿਕ ਹੈਨੀਮੈਨ ਬਾਰੇ:-

ਸੈਮੂਅਲ ਫ੍ਰੈਡਰਿਕ ਹੈਨੀਮੈਨ ਦਾ ਜਨਮ 10 ਅਪ੍ਰੈਲ 1755 ਨੂੰ ਹੋਇਆ ਸੀ। 1796 ਵਿੱਚ, ਉਹਨਾਂ ਨੇ ਦੁਨੀਆ ਨੂੰ ਇੱਕ ਨਵੀਂ ਡਾਕਟਰੀ ਵਿਧੀ ਨਾਲ ਜਾਣੂ ਕਰਵਾਇਆ, ਜਿਸਦਾ ਨਾਮ ਹੋਮਿਓਪੈਥਿਕ ਸੀ। ਉਦੋਂ ਤੋਂ ਲੈ ਕੇ ਹੁਣ ਤੱਕ ਹੋਮਿਓਪੈਥਿਕ ਦਵਾਈ ਪ੍ਰਣਾਲੀ ਦਾ ਆਪਣਾ ਵਿਸ਼ੇਸ਼ ਮਹੱਤਵ ਰਿਹਾ ਹੈ। ਡਾ. ਸੈਮੂਅਲ ਫ੍ਰੈਡਰਿਕ ਹੈਨੀਮੈਨ ਦੇ ਜਨਮ ਦਿਨ ਨੂੰ ਸਮਰਪਿਤ 10 ਅਪ੍ਰੈਲ ਨੂੰ ਹੋਮਿਓਪੈਥੀ ਦਿਵਸ ਮਨਾਇਆ ਜਾਂਦਾ ਹੈ।

ਡਾ. ਸੈਮੂਅਲ ਫ੍ਰੈਡਰਿਕ ਹੈਨੀਮੈਨ ਦਾ ਜਨਮ ਜਰਮਨੀ ਦੇ ਇੱਕ ਪਿੰਡ ਮੀਸਨ ਡਰੈੱਸਡਨ ਵਿਚ ਬਹੁਤ ਹੀ ਗ਼ਰੀਬ ਪਰਿਵਾਰ ਵਿੱਚ ਹੋਇਆ ਸੀ। ਉਨ੍ਹਾਂ ਆਪਣੀ ਮੁੱਢਲੀ ਸਿੱਖਿਆ ਪਿੰਡ ਦੇ ਸਕੂਲ ਵਿੱਚੋਂ ਹੀ ਪ੍ਰਾਪਤ ਕੀਤੀ ਪਰ ਆਪ ਨੂੰ ਘਰ ਦੀ ਗ਼ਰੀਬੀ ਕਾਰਨ ਪੜ੍ਹਾਈ ਅੱਧ-ਵਿਚਾਲੇ ਹੀ ਛੱਡਣੀ ਪਈ ਅਤੇ ਕਿਸੇ ਸਟੋਰ 'ਤੇ ਨੌਕਰੀ ਕਰਨੀ ਪਈ। ਆਪ ਨੇ ਤੰਗੀਆਂ-ਤੁਰਸ਼ੀਆਂ ਦੇ ਬਾਵਜੂਦ ਆਪਣੀ ਪੜ੍ਹਾਈ ਜਾਰੀ ਰੱਖੀ ਅਤੇ 1779 ਚ ਐਮ.ਡੀ. ਦੀ ਡਿਗਰੀ ਹਾਸਲ ਕੀਤੀ।

ਸੈਮੂਅਲ ਫ੍ਰੈਡਰਿਕ ਹੈਨੀਮੈਨ ਹੋਮਿਓਪੈਥੀ ਦਾ ਜਨਮਦਾਤਾ ਹੈ। ਆਪ ਆਪਣੀ ਪ੍ਰੈਕਟਿਸ ਛੱਡ ਕੇ ਇੱਕ ਭਾਸ਼ਾ ਤੋਂ ਦੂਜੀ ਭਾਸ਼ਾ ਵਿੱਚ ਕਿਤਾਬਾਂ ਦੇ ਅਨੁਵਾਦ ਕਰਨ ਲੱਗ ਪਏ। ਇੱਕ ਦਿਨ ਇੱਕ ਕਿਤਾਬ ਦਾ ਅਨੁਵਾਦ ਕਰਦੇ-ਕਰਦੇ ਆਪ ਨੇ 'ਸਿਨਕੋਨਾ ਟਰੀ' ਬਾਰੇ ਪੜ੍ਹਿਆ ਕਿ ਜੇਕਰ ਸਿਨਕੋਨਾ ਦੇ ਪੱਤੇ ਕਿਸੇ ਤੰਦਰੁਸਤ ਮਨੁੱਖ ਨੂੰ ਪਿਲਾਏ ਜਾਣ ਤਾਂ ਉਸ ਵਿੱਚ ਮਲੇਰੀਏ ਦੇ ਲੱਛਣ ਪ੍ਰਗਟ ਹੋ ਸਕਦੇ ਹਨ। ਇਹ ਗੱਲ ਡਾ. ਸੈਮੂਅਲ ਫ੍ਰੈਡਰਿਕ ਹੈਨੀਮੈਨ ਨੂੰ ਸੱਚ ਜਾਪੀ ਅਤੇ ਉਨ੍ਹਾਂ ਤਜਰਬਾ ਕਰਨਾ ਸ਼ੁਰੂ ਕਰ ਦਿੱਤਾ, ਸੱਚਮੁੱਚ ਓਹੀ ਹੋਇਆ ਅਤੇ ਇਸ ਤਰ੍ਹਾਂ ਹੋਮਿਓਪੈਥੀ ਹੋਂਦ ਵਿੱਚ ਆਈ। ਭਾਰਤ ਵਿੱਚ ਹੋਮਿਓਪੈਥੀ 1810 ਵਿਚ ਹੋਂਦ ਵਿਚ ਆਈ।

ਡਾ: ਹੈਨੀਮੈਨ ਐਲੋਪੈਥੀ ਦੇ ਡਾਕਟਰ ਹੋਣ ਦੇ ਨਾਲ-ਨਾਲ ਕਈ ਯੂਰਪੀਅਨ ਭਾਸ਼ਾਵਾਂ ਦੇ ਜਾਣਕਾਰ ਸਨ। ਉਹ ਰਸਾਇਣ ਅਤੇ ਰਸਾਇਣ ਵਿਗਿਆਨ ਦਾ ਮਾਸਟਰ ਸੀ। ਰੋਜ਼ੀ-ਰੋਟੀ ਕਮਾਉਣ ਲਈ ਦਵਾਈ ਅਤੇ ਰਸਾਇਣ ਵਿਗਿਆਨ ਦਾ ਕੰਮ ਕਰਨ ਦੇ ਨਾਲ-ਨਾਲ ਆਪ ਅੰਗਰੇਜ਼ੀ ਭਾਸ਼ਾ ਦੇ ਪਾਠਾਂ ਦਾ ਜਰਮਨ ਅਤੇ ਹੋਰ ਭਾਸ਼ਾਵਾਂ ਵਿੱਚ ਅਨੁਵਾਦ ਵੀ ਕਰਦੇ ਸੀ।

ਇੱਕ ਵਾਰ ਜਦੋਂ ਡਾ: ਕੈਲੇਨ ਦੁਆਰਾ ਲਿਖੀ ਗਈ "ਕੈਲੇਨਜ਼ ਮੈਟੇਰੀਆ ਮੈਡੀਕਾ" ਵਿੱਚ ਵਰਣਿਤ ਕੁਇਨਾਈਨ ਨਾਮਕ ਜੜੀ-ਬੂਟੀਆਂ ਬਾਰੇ ਅੰਗਰੇਜ਼ੀ ਭਾਸ਼ਾ ਵਿੱਚ ਜਰਮਨ ਭਾਸ਼ਾ ਵਿੱਚ ਅਨੁਵਾਦ ਕੀਤਾ ਜਾ ਰਿਹਾ ਸੀ, ਤਾਂ ਡਾ: ਸੈਮੂਅਲ ਹੈਨੀਮੈਨ ਦਾ ਧਿਆਨ ਡਾ: ਕੈਲੇਨ ਦੇ ਵਰਣਨ ਵੱਲ ਗਿਆ, ਜਿੱਥੇ ਕੁਇਨਾਈਨ ਕਿਹਾ ਗਿਆ ਸੀ ਕਿ "ਹਾਲਾਂਕਿ ਕੁਇਨਾਈਨ। ਮਲੇਰੀਆ ਨੂੰ ਠੀਕ ਕਰਦਾ ਹੈ, ਇਹ ਇੱਕ ਸਿਹਤਮੰਦ ਸਰੀਰ ਵਿੱਚ ਮਲੇਰੀਆ ਵਰਗੇ ਲੱਛਣ ਪੈਦਾ ਕਰਦਾ ਹੈ।"

ਕੈਲੇਨ ਵੱਲੋਂ ਕਹੀ ਗਈ ਇਹ ਗੱਲ ਡਾ: ਹੈਨੀਮੈਨ ਦੇ ਦਿਮਾਗ਼ ਵਿਚ ਬੈਠ ਗਈ। ਤਰਕਸ਼ੀਲ ਸੋਚ ਕੇ ਉਸ ਨੇ ਨਿੱਕੀਆਂ-ਨਿੱਕੀਆਂ ਜੜੀ-ਬੂਟੀਆਂ ਰੋਜ਼ਾਨਾ ਲੈਣੀਆਂ ਸ਼ੁਰੂ ਕਰ ਦਿੱਤੀਆਂ। ਕਰੀਬ ਦੋ ਹਫ਼ਤਿਆਂ ਬਾਅਦ ਉਸ ਦੇ ਸਰੀਰ ਵਿੱਚ ਮਲੇਰੀਆ ਵਰਗੇ ਲੱਛਣ ਪੈਦਾ ਹੋ ਗਏ। ਜੜੀ ਬੂਟੀਆਂ ਖਾਣੀਆਂ ਬੰਦ ਕਰਨ ਨਾਲ ਮਲੇਰੀਆ ਦੀ ਬਿਮਾਰੀ ਆਪਣੇ ਆਪ ਠੀਕ ਹੋ ਗਈ। ਡਾਕਟਰ ਹੈਨੀਮੈਨ ਨੇ ਇਸ ਪ੍ਰਯੋਗ ਨੂੰ ਕਈ ਵਾਰ ਦੁਹਰਾਇਆ ਅਤੇ ਹਰ ਵਾਰ ਉਸ ਦੇ ਸਰੀਰ ਵਿੱਚ ਮਲੇਰੀਆ ਵਰਗੇ ਲੱਛਣ ਪੈਦਾ ਹੋਏ। ਡਾ: ਹੈਨੀਮੈਨ ਨੇ ਆਪਣੇ ਇੱਕ ਡਾਕਟਰ ਮਿੱਤਰ ਨੂੰ ਇਸ ਤਰੀਕੇ ਨਾਲ ਕੁਇਨਾਈਨ ਜੜੀ-ਬੂਟੀਆਂ ਦੀ ਵਰਤੋਂ ਦਾ ਜ਼ਿਕਰ ਕੀਤਾ।

ਇਸ ਮਿੱਤਰ ਡਾਕਟਰ ਨੇ ਡਾ: ਹੈਨੀਮੈਨ ਦੁਆਰਾ ਦੱਸੀ ਜੜੀ ਬੂਟੀ ਵੀ ਲਈ ਅਤੇ ਉਸ ਵਿੱਚ ਮਲੇਰੀਆ ਬੁਖਾਰ ਵਰਗੇ ਲੱਛਣ ਵੀ ਪੈਦਾ ਹੋ ਗਏ।

ਹੋਮਿਓਪੈਥੀ ਦਾ ਸਿਧਾਂਤ 'ਜ਼ਹਿਰ ਨੂੰ ਜ਼ਹਿਰ ਮਾਰਦਾ ਹੈ' ਵਾਲਾ ਹੈ। ਇਸ ਤੋਂ ਭਾਵ ਜਿਹੋ ਜਿਹੜੀ ਬੀਮਾਰੀ ਸਾਡੇ ਸਰੀਰ ਵਿੱਚ ਹੈ, ਉਸ ਨੂੰ ਓਹੀ ਦਵਾਈ ਦੇਣੀ ਪਵੇਗੀ ਜਿਹੀ ਸਰੀਰ ਵਿੱਚ ਜਾ ਕੇ ਉਸ ਤਰ੍ਹਾਂ ਦਾ ਰੋਗ ਪੈਦਾ ਕਰ ਸਕੇ ਤਾਂ ਕਿ ਬੀਮਾਰੀ, ਬੀਮਾਰੀ ਨਾਲ ਲੜੇ ਅਤੇ ਮਰੀਜ਼ ਤੰਦਰੁਸਤ ਹੋ ਜਾਵੇ। ਬੇਸ਼ੱਕ ਸ੍ਰਿਸ਼ਟੀ ਦੀ ਸਿਰਜਨਾ ਪੰਜ ਤੱਤਾਂ ਤੋਂ ਹੋਈ ਹੈ ਪਰ ਫਿਰ ਵੀ ਹਰੇਕ ਮਨੁੱਖ ਦਾ ਕੰਮ ਕਰਨ ਦਾ ਢੰਗ ਜਾਂ ਰਹਿਣ-ਸਹਿਣ ਦੂਜੇ ਨਾਲੋਂ ਭਿੰਨ ਹੈ। ਇਸ ਨੂੰ ਡਾਕਟਰ ਸੈਮੂਅਲ ਹੈਨੀਮੈਨ ਨੇ 'ਇੰਡੀਵਿਜ਼ੂਅਲਾਈਜੇਸ਼ਨ' ਦਾ ਨਾਮ ਦਿੱਤਾ ਹੈ। ਇਸ ਤੋਂ ਭਾਵ ਹੈ ਕਿ ਜੇਕਰ ਦੋ ਵਿਅਕਤੀਆਂ ਨੂੰ ਬੁਖ਼ਾਰ ਹੋਇਆ ਹੈ ਤਾਂ ਉਨ੍ਹਾਂ ਦੋਵਾਂ ਦੇ ਲੱਛਣ ਭਿੰਨ-ਭਿੰਨ ਹੋਣਗੇ, ਬੇਸ਼ੱਕ ਬੁਖ਼ਾਰ ਨੂੰ ਨਾਂ ਕੋਈ ਵੀ ਦਿੱਤਾ ਜਾਵੇ। ਹੋਮਿਓਪੈਥੀ ਵਿੱਚ ਬੀਮਾਰੀ ਬਨਾਮ ਦਵਾਈ ਨਹੀਂ ਹੁੰਦੀ, ਸਗੋਂ ਮਰੀਜ਼ ਬਨਾਮ ਦਵਾਈ ਦੀ ਚੋਣ 'ਤੇ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਹੈ। ਭਾਵੇਂ ਕਿ ਹੋਮਿਓਪੈਥੀ ਦੀ ਖੋਜ ਨਾਲ ਡਾ. ਸੈਮੂਅਲ ਸੈਮੂਅਲ ਹੈਨੀਮੈਨ ਦਾ ਵਿਰੋਧ ਹੋਇਆ ਪਰ ਸਮੇਂ ਨਾਲ ਸਭ ਕੁਝ ਸੱਚ ਹੋਇਆ।

ਵਿਸ਼ਵ ਹੋਮਿਓਪੈਥੀ ਦਿਵਸ ਦੀ ਮਹੱਤਤਾ :_

ਜਾਗਰੂਕਤਾ ਪੈਦਾ ਕਰਨਾ: ਵਿਸ਼ਵ ਹੋਮਿਓਪੈਥੀ ਦਿਵਸ ਨੇ ਹੋਮਿਓਪੈਥੀ ਨੂੰ ਸਫਲਤਾਪੂਰਵਕ ਲੋਕਾਂ ਦੇ ਧਿਆਨ ਦੇ ਮੋਹਰੀ ਸਥਾਨ 'ਤੇ ਲਿਆਂਦਾ ਹੈ, ਇਸਦੇ ਸਿਧਾਂਤਾਂ ਅਤੇ ਅਭਿਆਸਾਂ ਵਿੱਚ ਸੰਵਾਦ ਅਤੇ ਦਿਲਚਸਪੀ ਪੈਦਾ ਕੀਤੀ ਹੈ। ਇਹ ਦਿਨ ਹੋਮਿਓਪੈਥ, ਪ੍ਰੈਕਟੀਸ਼ਨਰਾਂ, ਖੋਜਕਰਤਾਵਾਂ ਅਤੇ ਵਿਕਲਪਕ ਦਵਾਈਆਂ ਵਿੱਚ ਦਿਲਚਸਪੀ ਰੱਖਣ ਵਾਲੇ ਵਿਅਕਤੀਆਂ ਨੂੰ ਉਤਸ਼ਾਹਿਤ ਕਰਨ ਅਤੇ ਗਿਆਨ ਦੇ ਆਦਾਨ-ਪ੍ਰਦਾਨ ਲਈ ਇੱਕ ਪਲੇਟਫਾਰਮ ਵਜੋਂ ਕੰਮ ਕਰਦਾ ਹੈ। ਵਿਸ਼ਵ ਹੋਮਿਓਪੈਥੀ ਦਿਵਸ ਖੇਤਰ ਦੇ ਅੰਦਰ ਸਿੱਖਿਆ ਅਤੇ ਨੈਤਿਕ ਅਭਿਆਸਾਂ ਦੇ ਮਹੱਤਵ 'ਤੇ ਜ਼ੋਰ ਦਿੰਦਾ ਹੈ।

ਵਿਸ਼ਵ ਹੋਮਿਓਪੈਥੀ ਦਿਵਸ 2024 ਦੀ ਥੀਮ :_

ਵਿਸ਼ਵ ਹੋਮਿਓਪੈਥੀ ਦਿਵਸ 2024 ਦਾ ਥੀਮ ਹੈ- "ਹੋਮਿਓਪਰੀਵਾਰ: ਇੱਕ ਸਿਹਤ, ਇੱਕ ਪਰਿਵਾਰ"। ਮਾਹਿਰਾਂ ਦਾ ਕਹਿਣਾ ਹੈ ਕਿ ਹੋਮਿਓਪੈਥਿਕ ਦਵਾਈਆਂ ਅਤੇ ਇਸ ਦੀ ਸਫਲਤਾ ਦਰ ਬਾਰੇ ਜਾਗਰੂਕਤਾ ਵਧਾ ਕੇ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਨੂੰ ਠੀਕ ਕੀਤਾ ਜਾ ਸਕਦਾ ਹੈ।

ਹੋਮਿਓਪੈਥੀ ਦਾ ਇੱਕ ਹੋਰ ਸਿਧਾਂਤ ਜੋ ਉਨ੍ਹਾਂ ਨੇ ਹੋਂਦ ਵਿੱਚ ਲਿਆਂਦਾ, ਉਹ ਇਹ ਹੈ ਕਿ ਸਾਡੇ ਸਰੀਰ ਨੂੰ ਇੱਕ ਸ਼ਕਤੀ ਚਲਾ ਰਹੀ ਹੈ, ਜਿਸ ਨੂੰ ਉਨ੍ਹਾਂ 'ਵਾਇਟਲ ਫੋਰਸ' ਦਾ ਨਾਂ ਦਿੱਤਾ। ਜਦੋਂ ਬੀਮਾਰੀ ਆਪਣਾ ਜ਼ੋਰ ਪਾ ਲੈਂਦੀ ਹੈ ਤਦ ਇਹ 'ਵਾਇਟਲ ਫੋਰਸ' ਕਮਜ਼ੋਰ ਹੋ ਜਾਂਦੀ ਹੈ। ਉਸ ਵੇਲੇ ਹੋਮਿਓਪੈਥਿਕ ਦਵਾਈ ਜਦੋਂ ਮਰੀਜ਼ ਨੂੰ ਦਿੱਤੀ ਜਾਂਦੀ ਹੈ ਤਾਂ ਇਹੀ ਸ਼ਕਤੀ ਸਭ ਤੋਂ ਪਹਿਲਾਂ ਠੀਕ ਹੁੰਦੀ ਹੈ ਅਤੇ ਮਰੀਜ਼ ਤੰਦਰੁਸਤ ਮਹਿਸੂਸ ਕਰਦਾ ਹੈ। ਭਾਵੇਂ ਕਿ ਇਸ ਗੱਲ ਦਾ ਉਦੋਂ ਵੀ ਅਤੇ ਹੁਣ ਵੀ ਬਹੁਤ ਵਿਰੋਧ ਹੋਇਆ ਸੀ ਪਰ ਡਾ. ਸੈਮੂਅਲ ਸੈਮੂਅਲ ਹੈਨੀਮੈਨ ਨੇ ਤੱਥਾਂ ਦੇ ਆਧਾਰ 'ਤੇ ਇਹ ਸਮਝਾਇਆ ਕਿ ਇੱਕ ਪਾਸੇ ਤੰਦਰੁਸਤ ਜਿਉਂਦਾ-ਜਾਗਦਾ ਮਨੁੱਖ ਹੈ ਅਤੇ ਦੂਜੇ ਪਾਸੇ ਮਰਿਆ ਹੋਇਆ ਮਨੁੱਖ ਹੈ। ਦੋਵਾਂ ਵਿੱਚ ਸਾਰੇ ਅੰਗ ਆਪਣੀ-ਆਪਣੀ ਜਗ੍ਹਾ ਸਥਿਰ ਹਨ ਪਰ ਮਰਿਆ ਹੋਇਆ ਮਨੁੱਖ ਨਾ ਹਿੱਲ ਸਕਦਾ ਹੈ, ਨਾ ਬੋਲ ਸਕਦਾ ਪਰ ਸਰੀਰ ਦੇ ਸਾਰੇ ਅੰਗ ਤਾਂ ਉਸ ਵਿੱਚ ਵੀ ਮੌਜੂਦ ਹਨ। ਫਿਰ ਵੀ ਕੀ ਚੀਜ਼ ਗਾਇਬ ਹੈ? ਉਹ ਹੈ- 'ਵਾਈਟਲ ਫੋਰਸ' ਭਾਵ ਸਰੀਰ ਦੀ ਸ਼ਕਤੀ ਜੋ ਸਾਨੂੰ ਬੀਮਾਰੀਆਂ ਨਾਲ ਲੜਨ ਦੇ ਸਮਰੱਥ ਬਣਾਉਂਦੀ ਹੈ ਅਤੇ ਜਦੋਂ ਇਹ ਆਪਣਾ ਕੰਮ-ਕਾਜ ਸਹੀ ਦਿਸ਼ਾ ਵਿੱਚ ਕਰਦੀ ਹੈ ਤਾਂ ਸਰੀਰ ਤੰਦਰੁਸਤ ਰਹਿੰਦਾ ਹੈ। ਲੋੜ ਹੈ ਇਸ ਸ਼ਕਤੀ ਨੂੰ ਬਰਕਰਾਰ ਰੱਖਣ ਦੀ ਤਾਂ ਕਿ ਦੁਨੀਆ ਦਾ ਹਰ ਮਨੁੱਖ ਆਪਣੇ-ਆਪ ਨੂੰ ਤੰਦਰੁਸਤ ਮਹਿਸੂਸ ਕਰੇ।ਇਸੇ ਵਾਈਟਲ ਫੋਰਸ ਦਾ ਦੂਜਾ ਨਾਂ ਰੋਗ ਰੋਧਕ ਤੰਤਰ ਜਾਂ ਇਮਊਨ ਸਿਸਟਮ ਵੀ ਹੈ। ਅੰਤ ਵਿਚ 2 ਜੁਲਾਈ 1843 ਨੂੰ 88 ਸਾਲ ਦੀ ਉਮਰ ਵਿੱਚ ਆਪ ਜੀ ਨੇ ਦੁਨੀਆ ਨੂੰ ਅਲਵਿਦਾ ਕਹਿ ਦਿੱਤਾ।

# ਨਿਮਰਤਾ ਦੇ ਪੁੰਜ ਸਨ – ਸਰਦਾਰ ਸਿੰਘ ਸੂਰੀ



ਵਰਲਡ ਪੰਜਾਬੀ ਟਾਈਮਜ਼
ਮੰਗਤ ਗਰਗ

ਮੁੰਬਈ ਤੋਂ ਮੇਰੇ ਪਰਮ ਮਿੱਤਰ ਮੋਹਨ ਬੱਗੜ ਹੁਰਾਂ ਨਾਲ ਇਕ ਵਾਰ ਮੁੰਬਈ ਵਿਚਲੇ ਪੰਜਾਬੀ ਸਿੱਖ ਕਮਿਊਨਿਟੀ ਭਾਈਚਾਰੇ ਬਾਰੇ ਗੱਲ ਚੱਲ ਰਹੀ ਸੀ ਤਾਂ ਉਨ੍ਹਾਂ ਨੇ ਦੱਸਿਆ ਕਿ ਬਾਈ ਤੂੰ ਸਰਦਾਰ ਸਿੰਘ ਸੂਰੀ ਦੇ ਨਾਂਮ ਦਾ ਸੁਣਿਆਂ ਹੈ ਤਾਂ ਮੈਂ ਨਾਂਹ ਵਿੱਚ ਸਿਰ ਹਿਲਾਇਆ ਤਾਂ ਉਨ੍ਹਾਂ ਨੇ ਸੂਰੀ ਸਾਹਿਬ ਦੀ ਸ਼ਖ਼ਸੀਅਤ ਬਾਰੇ ਦੱਸਣਾ ਸ਼ੁਰੂ ਕੀਤਾ ਤਾਂ ਮੇਰੀ ਦਿਲਚਸਪੀ ਹੋਰ ਵੀ ਉਨ੍ਹਾਂ ਦੀ ਸ਼ਖ਼ਸੀਅਤ ਬਾਰੇ ਜਾਨਣ ਦੀ ਵੱਧ ਗਈ। ਤਾਂ ਮੈਂ ਬੱਗੜ ਸਾਹਬ ਨੂੰ ਪੁੱਛਿਆ ਕੀ ਉਨ੍ਹਾਂ ਨੂੰ ਮਿਲ ਸਕਦਾ ਹਾਂ ਤਾਂ ਉਨ੍ਹਾਂ ਨੇ ਮੰਗਤ ਬਾਈ ! ਸੂਰੀ ਸਾਹਿਬ ਤਾਂ 6 ਕੁ ਸਾਲ ਪਹਿਲਾਂ ਹੀ ਇਸ ਦੁਨੀਆਂ ਤੋਂ ਰੁਖ਼ਸਤ ਹੋ ਗਏ ਹਨ, ਹਾਂ ਮੈਂ ਤੈਨੂੰ ਉਨਾਂ ਦੇ ਬੇਟੇ ਜਸਪਾਲ ਸਿੰਘ ਸੂਰੀ ਨਾਲ ਕੱਲ ਨੂੰ ਚਾਰ ਬੰਗਲਾ ਗੁਰਦੁਆਰਾ ਸਾਹਿਬ ਜ਼ਰੂਰ ਮੁਲਾਕਾਤ ਕਰਵਾਵਾਂਗਾ। ਤੈਨੂੰ ਐਦਾਂ ਹੀ ਮਹਿਸੂਸ ਹੋਵੇਗਾ ਜਿਵੇਂ ਸੂਰੀ ਸਾਹਿਬ ਸ਼ਾਖਸ਼ਾਤ ਤੇਰੇ ਸਾਹਮਣੇ ਬੈਠੇ ਹੋਣ ਤੈਨੂੰ ਐਦਾਂ ਮਹਿਸੂਸ ਹੋਵੇਗਾ, ਅਗਲੇ ਦਿਨ ਬੱਗੜ ਸਾਹਬ ਨੇ ਮੇਰੀ ਜਾਣ ਪਛਾਣ ਜਸਪਾਲ ਸਿੰਘ ਸੂਰੀ ਨਾਲ ਕਰਵਾਉਂਦੇ ਹੋਏ ਕਿਹਾ ਭਾਜੀ ਇਹ ਪੰਜਾਬ ਬਠਿੰਡਾ ਤੋਂ ਮੇਰੇ ਦੋਸਤ ਮੰਗਤ ਗਰਗ ਨੇ ਤਾਂ ਜਸਪਾਲ ਜੀ ਬੜੀ ਹੀ ਗਰਮਜੋਸ਼ੀ ਨਾਲ ਮਿਲੇ , ਜਦੋਂ ਮੈਂ ਜਸਪਾਲ ਨੂੰ ਉਨ੍ਹਾਂ ਦੇ ਪਿਤਾ ਜੀ ਬਾਰੇ ਹੋਰ ਵਿਸਥਾਰ ਨਾਲ ਜਾਨਣ ਦੀ ਇੱਛਾ ਪ੍ਰਗਟਾਈ ਤਾਂ ਉਨ੍ਹਾਂ ਨੇ ਦੱਸਣਾ ਸ਼ੁਰੂ ਕੀਤਾ ਕਿ ਪਿਤਾ ਜੀ ਦਾ ਜਨਮ 26 ਜੁਲਾਈ 1934 ਨੂੰ ਰਾਵਲਪਿੰਡੀ ਸ਼ਹਿਰ ਵਿਖੇ ਹੋਇਆ। 1947 ਦੇ ਬਟਵਾਰੇ ਤੋਂ ਬਾਅਦ ਅੰਬਾਲਾ ਆ ਗਏ ਤੇ ਆਪਣੇ ਵਿਆਹ ਤੋਂ ਬਾਅਦ ਮੁੰਬਈ ਚਲੇ ਗਏ। ਹੱਡ ਭੰਨਵੀ ਸਖ਼ਤ ਮਿਹਨਤ ਕੀਤੀ। ਪਹਿਲਾਂ ਕਿਰਾਏ ਤੇ ਟੈਕਸੀ ਚਲਾਈ ਫਿਰ ਹੋਲੀ – ਹੋਲੀ ਹੋਰ ਟੈਕਸੀਆਂ ਦੇ ਮਾਲਕ ਬਣੇ । ਫਿਰ ਉਨ੍ਹਾਂ ਨੇ ਇਕ ਪੰਜਾਬੀ ਫਿਲਮ ' ਇਹ ਧਰਤੀ ਪੰਜਾਬ ਦੀ ' ਬਣਾਈ ਚਾਹੇ ਕਾਰੋਬਾਰੀ ਦੇ ਨਜ਼ਰੀਏ ਨਾਲ ਵੇਖੀਏ ਤਾਂ ਆਰਥਿਕ ਤੌਰ ਤੇ ਬਹੁਤ ਵੱਡਾ ਨੁਕਸਾਨ ਹੋਇਆ ਪਰ ਫਿਰ ਵੀ ਇਸ ਨੂੰ ਐਵਾਰਡ ਮਿਲਣ ਦੇ ਨਾਲ – ਨਾਲ ਜਿਸ ਦਾ ਟੈਕਸ ਭਾਰਤ ਸਰਕਾਰ ਨੇ ਮਾਫ਼ ਕਰ ਦਿੱਤਾ। ਉਸ ਤੋਂ ਬਾਅਦ ਹੋਲੀ – ਹੋਲੀ ਅਸੀਂ ਬਿਲਡਿੰਗ ਕੰਨਟਰੱਕਸਨ ਦਾ ਕੰਮ ਸ਼ੁਰੂ ਕੀਤਾ ਤੇ ਅਕਾਲ ਪੁਰਖ ਜੀ ਦੀ ਮੇਹਰ ਸਦਕਾ ਉਚਾਈਆਂ ਤੇ ਪਹੁੰਚੇ ।

ਉਨ੍ਹਾਂ ਨੇ ਆਪਣੀ ਜ਼ਿੰਦਗੀ ਵਿਚ ਚਾਰ ਗੁਰਦੁਆਰਾ ਸਾਹਿਬ ਦਾ ਨਿਰਮਾਣ, ਪੰਚਾਇਤ ਘਰਾਂ, ਗੁਰੂ ਨਾਨਕ ਕਾਲਜ ਕੋਲੀਵਾੜਾ ਦੀ ਬਿਲਡਿੰਗ ਦਾ ਨਿਰਮਾਣ ਕਰਵਾਇਆ।

ਪੂਰੇ ਅੰਧੇਰੀ ਵਿੱਚ ਪਿਆਰ ਨਾਲ 'ਡੈਡੀ ਜੀ' ਵਜੋਂ ਜਾਣੇ ਜਾਂਦੇ ਸਰਦਾਰ ਸਿੰਘ ਸੂਰੀ ਜੀ ਨੇ 4 ਬੰਗਲੇ ਗੁਰਦੁਆਰਾ ਮੁੰਬਈ ਦੀ ਸਥਾਪਨਾ ਕੀਤੀ, ਅਤੇ ਲਗਭਗ 45 ਸਾਲਾਂ ਤੱਕ ਪ੍ਰਧਾਨ ਰਹੇ,

ਅਤੇ ਸੇਵਾ (ਸਮਾਜਿਕ ਕਾਰਜ) ਦੀ ਇਹ ਜ਼ਿੰਮੇਵਾਰੀ ਸੰਗਤਾਂ ਨੇ ਹੁਣ ਉਨ੍ਹਾਂ ਦੇ ਪੁੱਤਰ ਜਸਪਾਲ ਸਿੰਘ ਸੂਰੀ ਨੇ ਸੰਭਾਲੀ ਹੈ।

ਸੂਰੀ ਸਾਬ ਸੱਚਮੁੱਚ ਬਹੁਤ ਲੋਕਾਂ ਲਈ ਪਿਤਾ ਦਾ ਪ੍ਰਤੀਕ ਸਨ ।

ਸਰਦਾਰ ਸਿੰਘ ਸੂਰੀ ਜੀ ਨੂੰ ਮੁੰਬਈ ਵਿੱਚ ਸਮੁੱਚੇ ਸਿੱਖ ਭਾਈਚਾਰੇ ਵਿੱਚ ਸਤਿਕਾਰਿਆ ਜਾਂਦਾ ਸੀ, ਅਤੇ ਉਹਨਾਂ ਦੇ ਸਮਾਜਿਕ ਕੰਮਾਂ ਲਈ ਹੋਰ ਭਾਈਚਾਰਿਆਂ ਵਿੱਚ ਵੀ ਜਾਣੇ ਜਾਂਦੇ ਅਤੇ ਪ੍ਰਸਿੱਧ ਸਨ। ਆਪਣੇ ਦੁੱਖਾਂ ਨੂੰ ਸੁਲਝਾਉਣ ਲਈ ਹਰ ਰੋਜ਼ ਹਜ਼ਾਰਾਂ ਲੋਕ ਉਸ ਕੋਲ ਆਉਂਦੇ ਸਨ।

ਉਨ੍ਹਾਂ ਨੇ ਸਾਲ 1991 ਵਿੱਚ ਜੀਟੀਬੀਪੀ ਸਕੂਲ ਦੇ ਨਾਮ ਨਾਲ ਇੱਕ ਚੈਰੀਟੇਬਲ ਸਕੂਲ ਦੀ ਸਥਾਪਨਾ ਵੀ ਕੀਤੀ। ਉਦੋਂ ਤੋਂ, ਉਨ੍ਹਾਂ ਦਾ ਪਰਿਵਾਰ ਨੇੜਲੇ ਝੁੱਗੀਆਂ-ਝੌਂਪੜੀਆਂ ਦੇ ਸੈਂਕੜੇ ਵਿਦਿਆਰਥੀਆਂ ਨੂੰ ਘੱਟ ਖਰਚੇ ਵਿੱਚ ਸਿੱਖਿਆ ਦੇ ਰਿਹਾ ਹੈ।

ਜਸਪਾਲ ਸਿੰਘ ਸੂਰੀ ਨੇ ਕਿਹਾ ਕਿ ਮੈਨੂੰ ਹਮੇਸ਼ਾ ਹੀ ਮਾਂਣ ਰਹੇਗਾ ਕਿ ਮੈਂ ਸਰਦਾਰ ਸਿੰਘ ਸੂਰੀ ਦਾ ਬੇਟਾ ਹਾਂ ਤੇ ਉਹ ਮੇਰੇ ਪਿਤਾ ਜੀ ਸਨ। ਉਨ੍ਹਾਂ ਤੋਂ ਮੈਨੂੰ ਬਹੁਤ ਕੁਝ ਸਿੱਖਣ ਨੂੰ ਮਿਲਿਆ ਹੈ, ਉਹ ਹਮੇਸ਼ਾ ਇਕ ਹੀ ਗੱਲ ਕਿਹਾ ਕਰਦੇ ਸਨ ਕਿ ਸਾਨੂੰ ਨਿਰਸਵਾਰਥ ਹੋ ਕੇ ਗੁਰੂ ਘਰ ਦੀ ਸੇਵਾ ਤੇ ਇਸ ਦੇ ਨਾਲ ਹੀ ਲੋੜਵੰਦਾਂ ਦੀ ਮਦਦ ਵੀ ਕਰਨੀ ਚਾਹੀਦੀ ਹੈ ।

ਉਨ੍ਹਾਂ ਦੇ ਸੰਸਾਰਿਕ ਵਿਛੋੜੇ ਬਾਅਦ ਮੈਨੂੰ ਗੁਰਦੁਆਰਾ ਸਾਹਿਬ ਦਾ ਪ੍ਰਧਾਨ ਬਣਾਇਆ ਗਿਆ।

9 ਅਪ੍ਰੈਲ 2019 ਨੂੰ ਉਹ ਹਮੇਸ਼ਾ ਲਈ ਸਰੀਰਕ ਤੌਰ ਤੇ ਅਲਵਿਦਾ ਆਖ ਗਏ। ਸਵਰਗੀ ਸਰਦਾਰ ਸਿੰਘ ਸੂਰੀ ਜੀ ਦੇ 87ਵੇਂ ਜਨਮ ਦਿਨ ਮੌਕੇ ਉਨ੍ਹਾਂ ਦੀ ਯਾਦ ਵਿੱਚ ਇੱਕ ਚੌਂਕ ਦਾ ਨਾਂ ਰੱਖਿਆ ਗਿਆ ਹੈ। ਇਸ ਗੁਰਦੁਆਰੇ ਵਿੱਚ, ਕਈ ਸਾਲਾਂ ਤੋਂ, ਸਾਲ ਵਿੱਚ 365 ਦਿਨ ਸੈਂਕੜੇ ਲੋਕਾਂ ਨੂੰ ਰੋਜ਼ਾਨਾ ਲੰਗਰ ਵਰਤਾਇਆ ਜਾਂਦਾ ਹੈ, ਅਤੇ ਕੋਵਿਡ 19 ਲੌਕਡਾਊਨ ਦੌਰਾਨ ਰੋਜ਼ਾਨਾ 5000 ਲੋੜਵੰਦਾਂ ਨੂੰ ਦਿਨ ਵਿੱਚ ਦੋ ਵਾਰ ਲੰਗਰ ਵਰਤਾਇਆ ਜਾਂਦਾ ਸੀ।

ਅੱਜ 9 ਅਪ੍ਰੈਲ ਨੂੰ ਉਨ੍ਹਾਂ ਦੀ 6 ਬਰਸੀ ਦੇ ਭੋਗ ਤੇ ਪਰਵਾਰਿਕ ਮੈਂਬਰ
ਜਸਪਾਲ ਸਿੰਘ ਸੂਰੀ (ਬੇਟਾ),
ਮਨਿੰਦਰ ਸਿੰਘ ਸੂਰੀ (ਪੋਤਰਾ)
ਮੋਹਨ ਬੱਗੜ, ਜਗਮੀਤ ਸਿੰਘ ਗਾਂਧੀ, , ਅਰਵਿੰਦਰ ਸਿੰਘ ਆਨੰਦ, ਅਚਲੇਸ਼ਵਰ ਸਿੰਘ ਦਿਓ ਆਦਿ ਤੇ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ। ਚਾਹੇ ਸੂਰੀ ਸਾਹਿਬ ਨੂੰ ਸਰੀਰਕ ਤੌਰ ਤੇ ਸਾਡੇ ਤੋਂ ਬਹੁਤ ਦੂਰ ਜਾ ਚੁੱਕੇ ਹਨ
ਪਰ ਆਤਮਿਕ ਤੌਰ ਤੇ ਉਹ ਹਮੇਸ਼ਾਂ ਸਾਡੇ ਨਾਲ ਹਨ।

# ਸਮਾਜ ਦਾ ਅਣਗੌਲਿਆ ਪਾਤਰ : ਮੋਚੀ ਦੌਲਤੀ ਰਾਮ

ਵਰਲਡ ਪੰਜਾਬੀ ਟਾਈਮਜ਼
ਪ੍ਰੋ. ਹਰਦੀਪ ਸਿੰਘ ਸੰਗਰੂਰ



ਪ੍ਰਸਿੱਧ ਅੰਗਰੇਜ਼ੀ ਨਾਟਕਕਾਰ ਸ਼ੇਕਸਪੀਅਰ ਅਨੁਸਾਰ," ਸਾਰੀ ਦੁਨੀਆਂ ਇੱਕ ਰੰਗਮੰਚ ਹੈ ਤੇ ਸਾਰੇ ਲੋਕ ਇਸ ਰੰਗਮੰਚ ਦੇ ਪਾਤਰ " | ਰੰਗਮੰਚੀ ਇਸ ਦੁਨੀਆਂ ਵਿਚ ਹਰ ਪਾਤਰ ਆਪੋ ਆਪਣਾ ਰੋਲ ਨਿਭਾ ਕੇ ਸਟੇਜ ਤੋਂ ਰੁਖ਼ਸਤ ਹੋ ਰਿਹਾ ਹੈ | ਕੋਈ ਡਾਕਟਰ ਦਾ ਰੋਲ ਨਿਭਾ ਰਿਹੈ ਤੇ ਕੋਈ ਮਰੀਜ਼ ਬਣਿਐ | ਕੋਈ ਅਧਿਆਪਕ ਹੈ ਤੇ ਕੋਈ ਵਿਦਿਆਰਥੀ | ਕੋਈ ਘੜੀਸਾਜ਼ ਹੈ ਤੇ ਕੋਈ ਰੰਗਸਾਜ਼ | ਸਮਾਜਿਕ ਵਰਤਾਰੇ ਅੰਦਰ ਵਿਚਰਦੇ ਸਾਰੇ ਪਾਤਰਾਂ ਦੀ ਆਪੋ ਆਪਣੀ ਅਹਿਮੀਅਤ ਹੈ | ਸਮਾਜ ਅੰਦਰ ਆਪਣੇ ਰੁਤਬੇ ਅਤੇ ਕੰਮ ਅਨੁਸਾਰ ਪਾਤਰ ਰੂਪ ਚ ਵਿਚਰਦੇ ਬਹੁਤ ਸਾਰੇ ਵਿਅਕਤੀਆਂ ਨੂੰ ਸਾਡਾ ਸਮਾਜ ਵਧੇਰੇ ਮਾਣਤਾ ਦਿੰਦਾ ਹੈ | ਲੇਕਿੰਨ ਸਮਾਜ ਵਿਚ ਕਈ ਵਿਅਕਤੀ ਜਾਂ ਕਹਿ ਲਵੋ ਪਾਤਰ ਇਹੋ ਜਿਹੇ ਨੇ ਜਿਨ੍ਹਾਂ ਦੀ ਉਹਨਾਂ ਦੇ ਕੰਮ ਅਨੁਸਾਰ ਸਾਨੂੰ ਲੋੜ ਤਾਂ ਰਹਿੰਦੀ ਹੈ ਪਰ ਫੇਰ ਵੀ ਉਹ ਸਾਡੇ ਸਮਾਜ ਦੇ ਅਣਗੌਲੇ ਪਾਤਰ ਬਣ ਕੇ ਰਹਿ ਗਏ ਨੇ | ਮੋਚੀ ਦੌਲਤੀ ਰਾਮ ਵੀ ਸਾਡੇ ਸਮਾਜ ਦਾ ਇਹੋ ਜਿਹਾ ਹੀ ਇੱਕ ਪਾਤਰ ਹੈ ਜਿਸ ਦਾ ਜ਼ਿਕਰ ਇਸ ਲਿਖਤ ਵਿਚ ਕੀਤਾ ਜਾ ਰਿਹਾ ਹੈ |

ਸ਼ਹਿਰ ਦੇ ਬੱਸ ਅੱਡੇ ਨਜਦੀਕ ਸ਼ੁਰੂ ਹੁੰਦੇ ਬਾਜ਼ਾਰ ਵਿਚ ਲੱਗੇ ਬੋਹੜ ਦਰੱਖਤ ਦੇ ਨਾਲ ਵਾਲੀ ਖਾਲੀ ਥਾਂ ਚ ਫਸਾਇਆ ਨਿੱਕਾ ਜਿਹਾ ਲੱਕੜ ਦਾ ਪੁਰਾਣਾ ਜਿਹਾ ਖੋਖਾ ਜਿਹਦੇ ਵਿਚ ਬੈਠਕੇ ਦੌਲਤੀ ਰਾਮ ਮੋਚੀ ਲੋਕਾਂ ਦੀਆਂ ਟੁੱਟੀਆਂ ਜੁੱਤੀਆਂ ਗੰਢਦੈ ਤੇ ਉਸਦੇ ਖੋਖੇ ਤੇ ਲਿਖਿਆ ਹੋਇਐ " ਦੌਲਤੀ ਮੋਚੀ ਦਾ ਖੋਖਾ " | ਚੁਰੰਜਾ-ਪਚਵੰਜਾ ਸਾਲ ਨੂੰ ਢੁੱਕਿਆ ਦੌਲਤੀ ਇਕਹਿਰੀ ਕਾਠੀ ਦੇ ਸਰੀਰ ਵਾਲਾ ਮਾੜਚੂ ਜਿਹਾ ਬੰਦਾ | ਅੱਧੇ ਕਾਲੇ-ਚਿੱਟੇ ਮੁੰਨੇ ਸਿਰ ਦੇ ਅਤੇ ਦਾੜ੍ਹੀ-ਮੁੱਛਾਂ ਦੇ ਵਾਲ, ਮੋਟੇ ਬੁੱਲ੍ਹ , ਅੱਖਾਂ ਦੇ ਕੋਇਆਂ ਚ ਆਈ ਚਿੱਟੀ ਗਿੱਦ, ਉੱਚੇ ਪਰ ਹਸੂੰ-ਹਸੂੰ ਕਰਦੇ ਦੰਦ ਅਤੇ ਗਲ ਵਿਚ ਬਾਬੇ ਨਾਨਕ ਦੀ ਫੋਟੋ ਵਾਲਾ ਪਾਇਆ ਲੋਕਟ ਦੇਖਕੇ ਲੱਗਦਾ ਕਿ ਉਹ ਕਿਰਤ ਨੂੰ ਪਿਆਰ ਕਰਨ ਵਾਲਾ ਕਰਮਯੋਗੀ ਬੰਦਾ ਹੈ|

ਆਪਣੀ ਡਿਊਟੀ ਤੇ ਦੂਸਰੇ ਸ਼ਹਿਰ ਜਾਣ ਲਈ ਬੱਸ ਅੱਡੇ ਤੋਂ ਬੱਸ ਫੜਨ ਤੋਂ ਪਹਿਲਾਂ ਮੈਂ ਅਕਸਰ ਆਪਣੀ ਜੁੱਤੀ ਨੂੰ ਪਾਲਸ਼ ਕਰਵਾਉਣ ਲਈ ਉਹਦੇ ਕੋਲ ਜਾਂਦਾ ਆਉਂਦਾ ਰਹਿੰਦਾ ਹਾਂ | ਮੋਚੀ ਦੌਲਤੀ ਰਾਮ ਇੱਕ ਇਹੋ ਜਿਹਾ ਪਾਤਰ ਹੈ ਜਿਹੜਾ ਸਾਡੇ ਸਮਾਜ ਵਿਚ ਹੈ ਤਾਂ ਅਣਗ਼ੌਲਿਆ, ਪਰ ਸਾਨੂੰ ਉਹਦੇ ਤਾਈਂ ਕਦੇ ਕਦੇ ਕੰਮ ਪੈਣ ਕਰਕੇ ਉਸ ਦੀ ਲੋੜ ਰਹਿੰਦੀ ਹੈ | ਕਿਸੇ ਦੀ ਚੱਪਲ ਜਾਂ ਜੁੱਤੀ ਟੁੱਟ ਜਾਵੇ ਤਾਂ ਉਸਨੂੰ ਗੰਢਕੇ ਤੁਰਨ ਲਾਇਕ ਬਣਾਉਣ ਲਈ ਬੰਦੇ ਨੂੰ ਦੌਲਤੀ ਮੋਚੀ ਕੋਲ ਜਾਣਾ ਹੀ ਪਵੇਗਾ | ਲੇਕਿੰਨ ਫੇਰ ਵੀ ਉਹ ਕਿਸੇ ਦੀ ਨਿਗ੍ਹਾ ਹੇਠ ਨਹੀਂ , ਬਿਨਾਂ ਕੰਮ ਤੋਂ ਉਸ ਵੱਲ ਕੋਈ ਤਵੱਕੋ ਹੀ ਨਹੀਂ ਦਿੰਦਾ | ਲੋਕਾਂ ਨੂੰ ਉਸਦੇ ਕੰਮ ਨਾਲ ਤਾਂ ਮਤਲਬ ਹੈ ਪਰ ਉਸਦੀ ਸ਼ਖ਼ਸੀਅਤ, ਵਿਚਾਰਧਾਰਾ ਅਤੇ ਵਜੂਦ ਵਿਚ ਕਿਸੇ ਦੀ ਕੋਈ ਦਿਲਚਸਪੀ ਨਹੀਂ | ਕਈਆਂ ਨੂੰ ਲੱਗਦਾ ਹੈ ਕਿ ਇਹ ਤਾਂ ਛੋਟੇ ਕੰਮ ਵਾਲਾ ਬੰਦਾ ਹੈ ਇਸ ਦੀ ਕੀ ਵਿਚਾਰਧਾਰਾ ਤੇ ਕੀ ਫ਼ਲਸਫ਼ਾ | ਪਰ ਇਹੋ ਜਿਹੇ ਬੰਦੇ ਨੂੰ ਮਿਲ ਕੇ ਜਦੋਂ ਸਾਨੂੰ ਉਸਦੇ ਸਮੱਸਿਆ ਨੂੰ ਸੁਲਝਾਉਣ ਦੇ ਢੰਗ ਅਤੇ ਵਿਚਾਰ ਸੁਣਨ ਦਾ ਮੌਕਾ ਮਿਲਦੈ ਤਾਂ ਭਾਸ ਹੁੰਦੈ ਕਿ ਥੁੜਾਂ ਦੇ ਬਾਵਜੂਦ ਚੰਗੇਰਾ ਜੀਵਨ ਕਿੰਝ ਜਿਉਣੈ , ਦਾ ਫ਼ਲਸਫ਼ਾ ਜੁੱਤੀਆਂ ਗੰਢਣ ਵਾਲੇ ਅਦਨੇ ਜਿਹੇ ਬੰਦੇ ਕੋਲੋਂ ਵੀ ਮਿਲ ਸਕਦੈ |

ਇੱਕ ਦਿਨ ਮੈਂ ਉਸਨੂੰ ਜੱਕਦੇ ਜੱਕਦੇ ਨੇ ਪੁੱਛ ਲਿਆ ," ਦੌਲਤੀ ਰਾਮ ਜੀ ਜਿਦਾਂ ਦਾ ਤੁਹਾਡਾ ਕੰਮ ਹੈ ਉਸ ਮੁਤਾਬਿਕ ਦਿਹਾੜੀ ਤਾਂ ਥੋੜੀ ਹੀ ਬਣਦੀ ਹੋਊ ? ਗੁਜ਼ਾਰਾ ਮੁਸ਼ਕਿਲ ਨਾਲ ਹੀ ਚੱਲਦਾ ਹੋਣਾ ? " | ਮੇਰੀ ਗੱਲ ਸੁਣਕੇ ਉਸਨੇ ਮੁੱਛਾਂ ਨੂੰ ਤਾਅ ਜਿਹਾ ਦਿੰਦੇ ਨੇ ਕਿਹਾ ," ਓ ਕੀ ਗੱਲ ਕਰਤੀ ਮਾਹਟਰ ਜੀ , ਨਾਂਓ ਮੇਰਾ ਦੌਲਤੀ , ਸਿਰ ਤੇ ਲੱਛਮੀ ਮਾਤਾ ਦਾ ਹੱਥ ( ਉਸਨੇ ਖੋਖੇ ਦੀ ਛੱਤ ਤੇ ਲੱਗੇ ਲਕਸ਼ਮੀ ਕੰਪਨੀ ਦੇ ਨਿੱਕੇ ਜਿਹੇ ਪੱਖੇ ਵੱਲ ਇੱਛਾਰਾ ਕੀਤਾ ) | ਆਪਣੀਆਂ ਤਾਂ ਲਹਿਰਾਂ-ਬਹਿਰਾਂ ਨੇ , ਕਿਸੇ ਚੀਜ਼ ਦੀ ਤੋਟ ਨੀ , ਕ੍ਰਿਪਾ ਹੈ ਬਾਬੇ ਨਾਨਕ ਦੀ " | ਇਹ ਕਹਿ ਉਹ ਖਿੜ ਖਿੜ ਹੱਸਣ ਲੱਗਾ | ਮੈਨੂੰ ਉਹਦੀ ਹਿੰਮਤ ਅਤੇ ਬੇਬਾਕੀ ਗੁਰਬਤ ਨੂੰ ਛਿੱਥਾ ਪਾਉਂਦੀ ਨਜ਼ਰ ਆਈ |

ਉਹ ਚਮੜੇ ਦੇ ਛੋਟੇ ਛੋਟੇ ਟੁਕੜਿਆਂ ਨੂੰ ਸਾਂਭ ਸਾਂਭ ਰੱਖਦਾ ਕਹਿੰਦਾ," ਮਾਹਟਰ ਜੀ , ਹਰੇਕ ਛੋਟੀ ਤੋਂ ਛੋਟੀ ਚੀਜ ਵੀ ਕਿਸੇ ਨਾ ਕਿਸੇ ਮੌਕੇ ਤੇ ਕੰਮ ਆਉਂਦੀ ਹੈ , ਲੋੜ ਵੇਖੇ ਹਮੇਸ਼ਾ ਛੋਟਾ ਬੰਦਾ ਹੀ ਕੰਮ ਦਿੰਦੈ , ਵੱਡੇ ਤਾਂ ਖਹਿੜਾ ਛੁਡਵਾ ਕੇ ਭੱਜ ਜਾਂਦੇ ਨੇ " | ਉਹ ਦਿਨ ਚ ਕਈ ਵਾਰ ਬਾਬੇ ਨਾਨਕ ਦੀ ਫੋਟੋ ਵਾਲੇ ਲਾਕਟ ਨੂੰ ਮੱਥੇ ਨਾਲ ਲਾ ਕੇ ਨਮਸਕਾਰ ਕਰਦਾ ਆਖਦਾ ," ਬਾਬੇ ਨੇ ਮੇਰੀ ਲੋਕਾਂ ਦੇ ਜੋੜੇ ਝਾੜਨ ਦੀ ਪੱਕੀ ਸੇਵਾ ਇਥੇ ਹੀ ਲਾਈ ਹੋਈ ਹੈ, ਮੱਥਾ ਮੈਂ ਗੁਰੂ ਘਰ ਜਾ ਕੇ ਟੇਕ ਆਉਣਾ " | ਉਸ ਦਾ ਕੰਮ ਚੋਂ ਸੰਤੁਸ਼ਟੀ ਭਾਲਣ ਦਾ ਇਹ ਅੰਦਾਜ਼ ਉਹਨਾਂ ਲੋਕਾਂ ਲਈ ਇੱਕ ਸਿੱਖਿਆ ਸੀ ਜਿਹੜੇ ਵੱਡੇ ਅਹੁਦਿਆਂ ਤੇ ਹੋਣ ਦੇ ਬਾਵਜੂਦ ਅਸੰਤੁਸ਼ਟ ਤੇ ਕੰਮ ਚੋਰ ਨੇ |

ਇੱਕ ਦਿਨ ਉਹ ਕੁਝ ਖਿਝਿਆ ਜਾ ਬੈਠਾ ਸੀ | ਮੈਂ ਪੁੱਛਿਆ ," ਅੱਜ ਕੀ ਗੱਲ ਹੋ ਗਈ ਦੌਲਤੀ ਰਾਮ ਜੀ ਗੁੱਸੇ ਹੋਏ ਬੈਠੇ ਓ ? " | ਕੀ ਦੱਸਾਂ ਮਾਹਟਰ ਜੀ , ਅੱਜ ਇੱਕ ਬੜੀ ਸੋਹਣੀ ਸੁਨੱਖੀ ਤੇ ਪੜ੍ਹੀ ਲਿਖੀ ਲੱਗਦੀ ਬੀਬੀ ਆਈ ਚੱਪਲ ਗੰਧਾਉਣ , ਚੱਪਲ ਗੰਦ ਨਾਲ ਭਰੀ ਹੋਈ ਸੀ ਮੈਂ ਹੱਥ ਨਾਲ ਸਾਫ ਕਰਕੇ ਗੰਢਣ ਲੱਗਾ ਤਾਂ ਉਹ ਬੀਬੀ ਸੂਗ ਜਹੀ ਮੰਨਦੀ ਮੈਨੂੰ ਕਹਿੰਦੀ ," ਹੈਂ ਵੇ ਭਾਈ , ਤੂੰ ਰੋਟੀ ਵੀ ਇਹਨਾਂ ਹੱਥਾਂ ਨਾਲ ਹੀ ਖਾਨੈ ? ਮੈਂ ਹੈਰਾਨ ਹੋਵਾਂ ਤੇ ਨਾਲੇਂ ਮੈਨੂੰ ਗੁੱਸਾ ਜਿਹਾ ਆਵੇ , ਮੈਂ ਉਹਨੂੰ ਕਿਹਾ ," ਹੋਰ ਭਾਈ ਬੀਬੀ ਰੋਟੀ ਖਾਣ ਲਈ ਮੇਰੇ ਕੋਲ ਕਿਹੜਾ ਕੋਈ ਹੋਰ ਹੱਥ ਨੇ ਇਹਨਾਂ ਹੱਥਾਂ ਨਾਲ ਹੀ ਖਾਨਾਂ | ਫੇਰ ਉਹ ਮੈਨੂੰ ਸੰਬੋਧਿਤ ਹੁੰਦਾ ਕਹਿੰਦਾ ," ਨਾ ਕਿਰਤ ਵਾਲੇ ਹੱਥ ਤਾਂ ਮੈਲੇ ਕੁਚੈਲੇ ਹੀ ਹੁੰਦੇ ਨੇ ਮਾਹਟਰ ਜੀ ? " | ਦੌਲਤੀ ਦੀ ਗੱਲ ਸੁਣਕੇ ਮੈਨੂੰ ਵੀ ਉਸ ਬੀਬੀ ਤੇ ਗੁੱਸਾ ਆਇਆ | ਮੈਂ ਦੌਲਤੀ ਨੂੰ ਹੌਂਸਲਾ ਦਿੰਦੇ ਨੇ ਕਿਹਾ ," ਹਾਂ ਦੌਲਤੀ ਰਾਮ ਜੀ ਕਿਰਤੀ ਦੇ ਹੱਥ ਮੈਲੇ ਕੁਚੈਲੇ ਹੀ ਹੁੰਦੇ ਨੇ , ਕਿਰਤੀ ਦੇ ਇਹਨਾਂ ਹੱਥਾਂ ਨਾਲ ਹੀ ਦੇਸ਼ ਅਤੇ ਕੌਮ ਤਰੱਕੀ ਕਰਦੀ ਹੈ ਤੇ ਇਹ ਹੱਥ ਉਹਨਾਂ ਸੋਹਣੇ ਪਰ ਵਿਹਲੇ ਹੱਥਾਂ ਨਾਲੋਂ ਲੱਖ ਦਰਜੇ ਚੰਗੇ ਨੇ " | ਮੇਰੀ ਗੱਲ ਸੁਣਕੇ ਉਹ ਮੁੜ ਤਰਾਰ ਚ ਆ ਗਿਆ | ਉਸਦੀ ਸਾਦਗੀ ਤੇ ਸਰਲ ਜੀਵਨ ਸ਼ੈਲੀ ਦੇਖਕੇ ਉਹ ਮੈਨੂੰ ਹਮੇਸ਼ਾ ਕਿਸੇ ਗੁੰਝਲ ਨੂੰ ਸੁਲਝਾਉਣ ਵਾਲਾ ਪ੍ਰੇਰਕ ਤੇ ਕਿਸੇ ਕਹਾਣੀਕਾਰ ਦੀ ਅਣਲਿੱਖੀ ਕਹਾਣੀ ਦਾ ਅਣਗੌਲਿਆ ਪਾਤਰ ਜਾਪਦਾ ਹੈ | *